ਬਣਾਈਆਂ ਗਈਆਂ। ਇਸ ਸੰਬੰਧੀ "ਪਾਠ-ਵਿਸ਼ਿਆਂ" ("ਕੋਰਸਾਂ") ਦੀ ਮੁੜ-ਰਚਨਾ, ਪਹਿਲਾਂ ਵਿਭਾਗ ਪੱਧਰ ਤੇ ਅਤੇ ਫਿਰ ਕਾਲਜ ਪੱਧਰ ਤੇ ਕੀਤੀ ਗਈ। ਇਨ੍ਹਾਂ ਵਿਚਾਰ-ਵਿਟਾਂਦਰਿਆਂ ਤੋਂ ਉਭਰ ਕੇ ਆਏ ਫੈਕਲਟੀ ਦੇ ਸਲਾਹ ਮਸ਼ਵਰਿਆਂ ਨੂੰ "ਗਡਵਾਸੂ" (ਲੁਧਿਆਣਾ) ਵਿਖੇ ਹੋਈ "ਪ੍ਰੀ-ਕਲੀਨਿਕਲ" (ਕਲੀਨਿਕ ਤੋਂ ਪਹਿਲਾਂ ਦੇ), "ਪੈਰਾ-ਕਲੀਨਿਕਲ" (ਕਲੀਨਿਕ ਨਾਲ਼ ਰਾਫ਼ਤਾ ਰਖਦੇ) ਅਤੇ "ਕਲੀਨਿਕਲ" ਵਿਸ਼ਿਆਂ ਦੀਆਂ ਤਿੰਨ "ਬੀ.ਐੱਸ.ਐਮ.ਏ. (BSMA) ਕਮੇਟੀਆਂ" ਦੇ ਸਮਾਗਮਾਂ ਦੇ ਸਾਮ੍ਹਣੇ ਪੇਸ਼ ਕੀਤਾ ਗਿਆ। "ਪੈਰਾ-ਕਲੀਨਿਕਲ" ਅਤੇ "ਕਲੀਨਿਕਲ" ਵਿਸ਼ਿਆਂ ਦੀ "ਬੀ.ਐੱਸ.ਐਮ.ਏ. (BSMA) ਕਮੇਟੀਆਂ" ਦੀ ਪ੍ਰਧਾਨਗੀ ਕ੍ਰਮਵਾਰ, ਡਾ.ਐੱਸ.ਕੇ.ਜੰਡ, ਡੀਨ (ਪੋਸਟ-ਗ੍ਰੈਜੂਏਟ ਸਟੱਡੀਜ) ਅਤੇ ਡਾ.ਸਿਮਰਤ ਸਾਗਰ ਸਿੰਘ, ਡੀਨ (ਵੈਟਨਰੀ ਸਾਇੰਸ ਕਾਲਜ) ਨੇ ਕੀਤੀ। ਇਨ੍ਹਾਂ ਸਮਾਗਮਾਂ ਵਿਚ ਪ੍ਰਭਾਵਿਤ ਵਿਸ਼ਿਆਂ ਦੀ ਫੈਕਲਟੀ ਦੇ ਮੈਮਬਰਾਂ ਨੂੰ ਵੀ ਹਿੱਸਾ ਲੈਣ ਲਈ ਸੱਦਿਆ ਗਿਆ। ਇਨ੍ਹਾਂ ਸਮਾਗਮਾਂ ਵਿਚ ਮੁੱਖ ਜੋਰ, ਵੈਟਨਰੀ ਅਤੇ ਪਸ਼ੂ-ਪਾਲਨ ਸਿੱਖਿਆ ਸੰਬੰਧੀ ਉਭਰਦੇ ਪਹਿਲੂਆਂ ਨੂੰ ਆਰਥਿਕਤਾ ਦੇ ਵਿਸ਼ਵ-ਵਿਆਪੀਕਰਨ ਦੇ ਸੰਦਰਭ ਵਿਚ, ਖਾਸ ਤੌਰ ਤੇ ਇਸ ਦੀ ਸ੍ਰੇਸ਼ਟਤਾ ਅਤੇ ਪ੍ਰਾਸੰਗਿਕਤਾ ਨੂੰ ਸੰਬੋਧਿਤ ਕਰਨ ਲਈ ਦਿੱਤਾ ਗਿਆ। ਮੌਜੂਦਾ "ਪਾਠ-ਕ੍ਰਮਾਂ" ਦੇ ਮੁੜ-ਵਿਚਾਰਨ ਦੌਰਾਨ ਤਕਨਾਲੋਜੀ ਦੇ ਕੁਲ ਪ੍ਰਬੰਧ ਵਿਚ, ਸਮਾਜਿਕ ਅਤੇ ਆਰਥਿਕ ਪ੍ਰਸੰਗਾਂ ਨੂੰ ਵੀ ਧਿਆਨ ਵਿਚ ਰੱਖਿਆ ਗਿਆ। ਇਨ੍ਹਾਂ ਕਮੇਟੀਆਂ ਤੋਂ ਉਭਰ ਕੇ ਆਏ ਸਲਾਹ-ਮਸ਼ਵਰੇ, "ਪੋਸਟ-ਗ੍ਰੈਜੂਏਟ" ਅਤੇ "ਡਾਕਟਰੇਟ" ਪੱਧਰ ਦੇ "ਪਾਠ-ਕ੍ਰਮਾਂ" ਨੂੰ ਅਧਿਆਪਨ ਦੇ ਘੰਟਿਆਂ ਅਤੇ "ਪਾਠ-ਵਿਸਿਆਂ" ("ਕੋਰਸਾਂ") ਦੇ ਨਾਮਕਰਣ ਵਿਚ, ਇਕਸਾਰਤਾ ਲਾਗੂ ਕਰਨ ਵਿਚ ਮਦਦ ਕਰਨਗੇ।

"ਇਨਟਰਨਸ਼ਿਪ ਪ੍ਰੋਗਰਾਮ"

ਕੁਲ ਨੌ "ਛਿਮਾਹੀ ਪਾਠ-ਕ੍ਰਮਾਂ" ਦੇ ਪੂਰਨ ਹੋਣ ਬਾਅਦ "ਬੀ.ਵੀ.ਐੱਸ ਸੀ. ਐਂਡ ਏ.ਐੱਚ."(B.V.Sc. & A.H.) ਦੇ ਵਿਦਿਆਰਥੀਆਂ ਨੂੰ ਵੱਖੋ-ਵੱਖਰੇ ਵਿਸ਼ਿਆਂ ਵਿਚ ਵਾਰੋ-ਵਾਰੀ ਲਾਜਮੀ "ਛਿਮਾਹੀ ਇਨਟਰਨਸ਼ਿਪ ਪ੍ਰੋਗਰਾਮ" ਪੂਰਾ ਕਰਨਾ ਹੁੰਦਾ ਹੈ। ਵਿਦਿਆਰਥੀਆਂ ਨੂੰ "ਕਲੀਨਿਕਲ ਵੈਟਨਰੀ ਮੈਡੀਸਨ, ਈਥਿੱਕਸ ਐਂਡ ਜਿਯੂਰਿਸਪਰੂਡੈਂਸ", "ਐਪੀਡੈਮੀਓਲੋਜੀ ਐਂਡ ਪ੍ਰਿਵੈਂਟਿਵ ਵੈਟਨਰੀ ਮੈਡੀਸਨ", "ਐਨੀਮਲ ਰੀਪ੍ਰੋਡਕਸ਼ਨ, ਗਾਇਨੀਕੌਲੋਜੀ ਐਂਡ ਓਬਸਟੈਟ੍ਰਿਕਸ", "ਪਸ਼ੂ-ਧਨ ਉਤਪਾਦਨ ਅਤੇ ਪ੍ਰਬੰਧ" ਅਤੇ "ਵੈਟਨਰੀ ਕਲੀਨਿਕਲ ਸਰਵਿਸਿਜ਼ ਕੰਮਪਲੈਕਸ" ਦੇ ਵੱਖੋ-ਵੱਖਰੇ ਵਿਭਾਗਾਂ ਵਿਚ ਤੀਬਰ ਸਿਖਲਾਈ ਦਿੱਤੀ ਜਾਂਦੀ ਹੈ। "ਵੈਟਨਰੀ ਕਲੀਨਿਕਲ ਸਰਵਿਸਿਜ਼ ਕੰਮਪਲੈਕਸ" ਵਿਚ "ਇਨਟਰਨਸ਼ਿਪ" ਕਰ ਰਹੇ ਵਿਦਿਆਰਥੀਆਂ ਨੂੰ ਸਿਖਲਾਈ ਪ੍ਰਦਾਨ ਕਰਨ ਲਈ "ਪਸ਼ੂ-ਧਨ ਉਤਪਾਦ ਤਕਨਾਲੋਜੀ", "ਵੈਟਨਰੀ ਫਾਰਮਾਕੌਲੋਜੀ ਐਂਡ ਟੌਕੱਸੀਕੌਲੋਜੀ", "ਵੈਟਨਰੀ ਪਰਜੀਵੀ-ਵਿਗਿਆਨ ਵਿਭਾਗ", "ਵੈਟਨਰੀ ਅਤੇ ਪਸ਼ੂ-ਪਾਲਨ ਵਿਸਤਾਰ ਵਿਭਾਗ" ਅਤੇ "ਵੈਟਨਰੀ ਪ੍ਰਯੋਗਸ਼ਾਲਾ ਪਰਖ" ਵਿਚ ਅੱਗੇ ਹੋਰ ਵੰਡਿਆ ਜਾਂਦਾ ਹੈ। "ਪਸ਼ੂ-ਧਨ ਉਤਪਾਦਨ ਅਤੇ ਪ੍ਰਬੰਧ ਵਿਭਾਗ" ਵਿਚ ਸਿਖਲਾਈ ਲੈਣ ਵਾਲੇ "ਇਨਟਰਨਸ਼ਿਪ ਵਿਦਿਆਰਥੀ", ਦੁਪਹਿਰ ਬਾਅਦ "ਪੋਸਟ-ਮਾਰਟਮ" ਨਿਰੀਖਣ ਲਈ "ਵੈਟਨਰੀ ਪੈਥੋਲੋਜੀ ਵਿਭਾਗ" ਵਿਚ ਹਾਜਰ ਹੁੰਦੇ ਹਨ। ਕੁਲ 54 ਵਿਦਿਆਰਥੀਆਂ ਨੇ ਜੁਲਾਈ 2008 ਵਿਚ ਆਪੋ-ਆਪਣੀ "ਇਨਟਰਨਸ਼ਿਪ" ਸਿਖਲਾਈ ਪੂਰੀ ਕਰਨ ਤੋਂ ਬਾਅਦ ਆਪਣਾ "ਬੀ.ਵੀ.ਐੱਸ ਸੀ.ਐਂਡ ਏ.ਐੱਚ. (B.V.Sc. & A.H.) ਡਿਗਰੀ ਪ੍ਰੋਗਰਾਮ" ਸਫ਼ਲਤਾਪੂਰਵਕ ਪੂਰਾ ਕੀਤਾ।

"ਸਰਵ-ਭਾਰਤੀ ਅਧਿਐਨ ਦੌਰਾ" ("ਆਲ-ਇੰਡੀਆ ਸਟੱਡੀ ਟੂਰ")

"ਬੀ.ਵੀ.ਐੱਸ ਸੀ. ਐਂਡ ਏ.ਐੱਚ." (B.V.Sc.& A.H.) ਦੇ ਅੰਤਮ ਸਾਲਾ ਵਿਦਿਆਰਥੀਆਂ ਲਈ "ਪੰਦਰਾਂ-ਰੋਜ਼ਾ" ਇਕ "ਸਰਵ-ਭਾਰਤੀ ਅਧਿਐਨ ਦੌਰੇ" ਦਾ ਪ੍ਰਬੰਧ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਹੈਦਰਾਬਾਦ, ਬੰਗਲੌਰ, ਚੇਨੰਈ ਅਤੇ ਮੁੰਬਈ

ਵਿਖੇ ਵੱਖੋ-ਵੱਖਰੇ ਵੈਟਨਰੀ ਕਾਲਜਾਂ, ਰਾਸ਼ਟਰੀ ਸੰਸਥਾਵਾਂ, ਪ੍ਰਯੋਗਸ਼ਾਲਾਵਾਂ ਅਤੇ ਜੰਗਲੀ ਜੀਵ-ਜੰਤੂਆਂ ਦੇ ਪਨਾਹਘਰਾਂ ਦਾ ਦੌਰਾ ਕਰਵਾਇਆ ਗਿਆ।

"ਆਰ.ਐਂਡ ਵੀ.ਸਕਵਾਡ੍ਰਨ ਐਨ.ਸੀ.ਸੀ. (R & V Sqn NCC) ਯੂਨਿਟ"

"ਪਹਿਲੀ ਪੰਜਾਬ ਆਰ.ਐਂਡ ਵੀ.ਸਕਵਾਡ੍ਰਨ ਐਨ.ਸੀ.ਸੀ. ਯੂਨਿਟ" ਜੋ ਕਿ "ਗਡਵਾਸੂ" ਦਾ ਇਕ ਅਖੰਡ ਹਿੱਸਾ ਹੈ, ਨੂੰ ਇਸ ਯੂਨਿਟ ਵਿਚ ਦਾਖਲ ਹੋਏ "ਐਨ.ਸੀ.ਸੀ. ਕੈਡੇਟਾਂ" (ਸੈਨਾ-ਸਿੱਖਿਆਰਥੀਆਂ) ਨੂੰ "ਪੈਦਲ-ਸੈਨਾ" ਅਤੇ "ਘੋੜ-ਸਵਾਰੀ" ਸੰਬੰਧੀ ਸਿਖਲਾਈ ਪ੍ਰਦਾਨ ਕਰਨ ਦਾ ਕੰਮ ਸੌਂਪਿਆ ਗਿਆ ਹੈ। ਛੇ ਵਿਦਿਆਰਥੀਆਂ ਨੇ 5 ਤੋਂ 18 ਦਿਸੰਬਰ, 2008 ਤਕ "ਗਣਤੰਤਰ ਦਿਵਸ ਕੈਂਪ" ਵਿਚ ਹਿੱਸਾ ਲਿਆ। ਇਸ ਗੌਰਵਮਈ ਘੋੜ-ਸਵਾਰੀ ਮੁਕਾਬਲੇ ਦੌਰਾਨ, ਕੈਡੇਟਾਂ ਨੇ 2 ਸੋਨੇ ਦੇ, 2 ਚਾਂਦੀ ਦੇ , 2 ਕਾਂਸੇ ਦੇ ਤਮਗੇ ਅਤੇ ਇਕ ਟ੍ਰਾਫ਼ੀ ਜਿੱਤੀ। "ਵੈਟਨਰੀ ਸਾਇੰਸ ਕਾਲਜ" ਦੇ ਪੱਚਾਸੀ (85) ਕੈਡੇਟਾਂ ਨੇ "ਪਹਿਲੀ ਪੰਜਾਬ ਆਰ.ਐਂਡ ਵੀ.ਸਕਵਾਡ੍ਰਨ ਐਨ.ਸੀ.ਸੀ." ਵਿਖੇ 30 ਸਿਤੰਬਰ ਤੋਂ 9 ਅਕਤੂਬਰ, 2008 ਤਕ "ਸਾਂਝਾ ਸਾਲਾਨਾ ਸਿਖਲਾਈ ਕੈਂਪ" ("ਕੰਬਾਈਂਡ ਐਨਯੁਲ ਟ੍ਰੇਨਿੰਗ ਕੈਂਪ") ਵਿਚ ਹਿੱਸਾ ਲਿਆ। ਕੈਂਪ ਦੌਰਾਨ, 30 ਕੈਡਟਾਂ ਨੇ ਵੱਖੋ-ਵੱਖਰੀ ਕਾਰਵਾਈਆਂ ਵਿਚ ਸ਼੍ਰੇਸ਼ਟਤਾ ਹਾਸਿਲ ਕੀਤੀ। ਇਕ "ਖ਼ੂਨਦਾਨ ਕੈਂਪ" ਦਾ ਵੀ ਪ੍ਰਬੰਧ ਕੀਤਾ ਗਿਆ। ਯੂਨਿਟ ਦੇ ਇਲਾਕੇ ਵਿਚ ਕੈਡੇਟਾਂ ਦੁਆਰਾ ਬੂਟੇ ਲਾਏ ਗਏ। "ਬੀ" (B) ਸਰਟੀਫ਼ਿਕੇਟ ਪਰੀਖਿਆ ਵਿਚ ਤੇਈ (23) ਕੈਡਟ ਹਾਜ਼ਰ ਹੋਏ, ਜਿਨ੍ਹਾ ਵਿਚੋਂ ਇਕ ਕੈਡੇਟ ਨੇ "ਏ" (A) ਗਰੇਡ ਅਤੇ ਬਾਕੀ ਕੈਡੇਟਾਂ ਨੇ "ਬੀ" (B) ਗਰੇਡ ਹਾਸਿਲ ਕੀਤਾ। ਇਕ ਕੈਡੇਟ "ਸੀ" (C) ਸਰਟੀਫ਼ਿਕੇਟ ਪਰੀਖਿਆ ਵਿਚ ਹਾਜ਼ਰ ਹੋਇਆ ਅਤੇ ਉਸ ਨੇ "ਏ" (A) ਗਰੇਡ ਪ੍ਰਾਪਤ ਕੀਤਾ।

"ਵੈਟਨਰੀ ਕਲੀਨਿਕਲ ਸਰਵਿਸਿਜ਼ ਕੰਮਪਲੈਕਸ"

"ਵੈਟਨਰੀ ਸਾਇੰਸ ਕਾਲਜ", ਉੱਤਰ ਭਾਰਤ ਦੇ ਪ੍ਰਮੁੱਖ ਵੈਟਨਰੀ ਸੰਸਥਾਵਾਂ ਵਿਚੋਂ ਇਕ ਹੈ ਜੋ "ਅੰਡਰ-ਗ੍ਰੈਜੂਏਟ" ਅਤੇ "ਪੋਸਟ-ਗ੍ਰੈਜੂਏਟ" ਵਿਦਿਆਰਥੀਆਂ ਲਈ "ਸਿੱਖਿਆ", ""ਕਲੀਨਿਕ ਸੰਬੰਧੀ ਜਾਣਕਾਰੀ" ਅਤੇ "ਪਸ਼ੂ-ਪਾਲਨ ਸੰਬੰਧੀ ਵਿਵਹਾਰਾਂ ਦੀ ਸਿਖਲਾਈ" ਪ੍ਰਦਾਨ ਕਰ ਰਿਹਾ ਹੈ। "ਵੈਟਨਰੀ ਕਲੀਨਿਕਲ ਸਰਵਿਸਿਜ਼ ਕੰਮਪਲੈਕਸ" ("ਵੀ.ਸੀ.ਐਸ.ਸੀ"; VCSC) ਵਿਭਾਗ ਕੋਲ਼ ਇਕ ਪ੍ਰਮਾਣਿਤ ("ਰੈਫ਼ੱਰਲ") ਹਸਪਤਾਲ ਹੈ, ਜਿੱਥੇ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਤੋਂ ਪੀੜਿਤ ਵੱਖੋ-ਵੱਖਰੀ ਪ੍ਰਜਾਤੀਆਂ ਦੇ ਪਸ਼ੂ, ਵਿਸ਼ੇਸ਼ ਪ੍ਰਕਾਰ ਦੀ ਪਰਖ ਅਤੇ ਇਲਾਜ ਲਈ ਲਿਆਉਂਦੇ ਜਾਂਦੇ ਹਨ। ਇਕ "ਛੋਟੇ ਜਾਨਵਰਾਂ ਲਈ ਕਲੀਨਿਕ", ਫ਼ਾਰਮ ਜਾਨਵਰਾਂ ਵਿਚ ਦਵਾ-ਦਾਰੂ ਸੰਬੰਧੀ ਸਮੱਸਿਆਵਾਂ ਨੂੰ ਨਿਜਿਠੱਣ ਲਈ "ਪ੍ਰਾਇਮਰੀ ਯੂਨਿਟ" ਅਤੇ "ਇਕ ਵਿਸ਼ੇਸ਼ ਪ੍ਰਕਾਰ ਦਾ ਯੂਨਿਟ" ਜਿੱਥੇ ਚੀਰ-ਫ਼ਾੜ ਸੰਬੰਧੀ ਅਤੇ ਪ੍ਰਸੂਤੀ (ਜਣੇਪਾ)-ਸੰਬੰਧੀ ਦਖਲਅੰਦਾਜੀ ਅਤੇ ਵੱਡੇ ਜਾਨਵਰਾਂ ਵਿਚ ਬਾਂਝਪਨ ਅਤੇ ਸੰਤਾਨ ਉਤਪੱਤੀ ਸੰਬੰਧੀ ਰੋਗਾਂ ਅਤੇ ਵਿਗਿਆਨਿਕ ਢੰਗਾਂ ਨਾਲ਼ ਵੀਰਜ ਪਾ ਕੇ ਗਰਭ ਧਾਰਨ ਕਰਨ (ਮਨਸੂਈ ਕਰਨ) ਦੇ ਕਾਰਜਾਂ ਨੂੰ ਹੱਥ ਵਿਚ ਲਿਆ ਜਾਂਦਾ ਹੈ। ਇਹ ਵੀ, ਵੀ.ਸੀ. ਐਸ.ਸੀ. (VCSC) ਦੇ ਹਿੱਸੇ ਹਨ। ਕਲੀਨਿਕ ਸੰਬੰਧੀ ਵਿਸ਼ਿਆਂ ਦੇ ਜਿਆਦਾਤਰ ਸਟਾਫ਼ ਮੈਂਮਬਰਾਂ ਕੋਲ਼ ਵਿਸ਼ੇਸ਼ ਪ੍ਰਕਾਰ ਦੀਆਂ ਯੋਗਤਾਵਾਂ ਅਤੇ ਬਾਹਰਲੇ ਦੇਸ਼ਾਂ ਦੀਆਂ ਸੰਸਥਾਵਾਂ ਵਿਚ ਕੰਮ ਕਰਨ ਦਾ ਤਜਰਬਾ ਹਾਸਲ ਹੈ। ਇਸ ਵਿਭਾਗ ਕੋਲ਼ ਇਕ ਉੱਚ-ਪੱਧਰੀ "ਕਲੀਨਿਕ ਸੰਬੰਧੀ ਪਰਖ ਪ੍ਰਯੋਗਸ਼ਾਲਾ" ਹੈ, ਜੋ "ਸੰਪੂਰਨ ਖ਼ੂਨ ਵਿਗਿਆਨ" ਸੰਬੰਧੀ ਅਤੇ "ਜੀਵ-ਰਸਾਇਨ ਗਿਆਨ" ਸੰਬੰਧੀ ਜਾਂਚ, ਖ਼ੂਨ ਵਿਚ "ਐਸਿੱਡ (ਤੇਜਾਬ)- ਬੇਸ ਬਿੰਦੂ ਪਰਿਮਾਣਾਂ" ਅਤੇ "ਮੂਤਰ ਵਿਸ਼ਲੇਸ਼ਣ" ਕਰਨ ਦੇ ਸਾਜੋ-ਸਾਮਾਨ ਨਾਲ਼ ਲੈਸ ਹੈ। ਵੱਡੇ ਅਤੇ ਛੋਟੇ ਜਾਨਵਰਾਂ ਦੇ ਐਕਸ-ਰੇਜ਼ (X-Rays), ਛੋਟੇ ਜਾਨਵਰਾਂ ਵਿਚ "ਧੁਨੀ ਦੀਆਂ ਪਰਾਕਿਰਨਾਂ ("ਅਲਟ੍ਰਾਸਾਊਂਡ") ਰਾਹੀਂ ਰੋਗ ਦੀ ਪਰਖ" ਅਤੇ "ਦੂਰਬੀਨ ਰਾਹੀਂ

ਓਪਰੇਸ਼ਨ ਕਰਨ ਵਾਲ਼ੀ ਮਸ਼ੀਨ" ਅਤੇ "ਈ.ਸੀ.ਜੀ." (ECG) ਦੀਆਂ ਸਹੂਲਤਾਂ ਵੀ ਉਪਲਬਧ ਹਨ। ਨਾਲ਼ ਹੀ ਇਹ ਵਿਭਾਗ "ਚਲਦਾ-ਫਿਰਦਾ ("ਐਂਮਬੂਲੇਟਰੀ") ਕਲੀਨਿਕਸ" ਵੀ ਚਲਾਉਂਦਾ ਹੈ, ਜਿਸ ਵਿਚ ਦੋ ਪਿੰਡ ਅਪਣਾਏ ਗਏ ਹਨ ਅਤੇ ਵਿਦਿਆਰਥੀਆਂ ਸਣੇ, "ਸਰਜਰੀ", "ਮੈਡੀਸਨ" ਅਤੇ "ਗਾਇਨੀਕੌਲੋਜੀ" ਤੋਂ ਅਧਿਆਪਕ, ਕਿਸਾਨਾਂ ਜਾਂ ਪਸ਼ੂ-ਪਾਲਕਾਂ ਨੂੰ ਮੁਫ਼ਤ ਸਲਾਹ ਪ੍ਰਦਾਨ ਕਰਦੇ ਹਨ। ਇਹ ਵਿਭਾਗ ਛੋਟੇ ਪਾਲਤੂ-ਪਸ਼ੂਆਂ (ਕੁੱਤਿਆਂ) ਵਿਚ ਪ੍ਰਚਲਿਤ ਰੋਗਾਂ ਬਾਬਤ ਸਿੱਖਿਆ ਦੇਣ ਲਈ "ਪਾਲਤੂ ਪਸ਼ੂਆਂ ਦੇ ਮਾਲਕਾਂ ਦੀ ਜਾਗਰੂਕਤਾ ਲਈ ਪ੍ਰੋਗਰਾਮਾਂ" ਦਾ ਵੀ ਪ੍ਰਬੰਧ ਕਰਦਾ ਹੈ।

ਸਾਲ 2008 ਦੌਰਾਨ, ਦੋਵੇਂ "ਛੋਟੇ ਪਾਲਤੂ" ਅਤੇ "ਵੱਡੇ ਪਸ਼ੂਆਂ" ਜਿਵੇਂ ਕਿ ਮੱਝਾਂ, ਗਾਵਾਂ, ਘੋੜਿਆਂ, ਖੱਚਰਾਂ, ਹਾਥੀਆਂ, ਭੇਡਾਂ, ਬੱਕਰੀਆਂ ਅਤੇ ਸੂਰਾਂ ਸਣੇ, ਇਸ ਵਿਭਾਗ ਵਿਚ ਕੁਲ 21,970 ਮਾਮਲੇ (ਕੇਸ) ਪੇਸ਼ ਹੋਏ। ਛੋਟੇ ਪਾਲਤੂ-ਪਸ਼ੂਆਂ (ਕੁੱਤਿਆਂ) ਨੇ ਇਸ ਸੰਖਿਆ ਦਾ ਮੋਟਾ ਹਿੱਸਾ (ਲਗਭਗ 17,731 ਕੇਸ) ਕਾਇਮ ਕੀਤਾ।

"ਕਲੀਨਿਕ ਸੰਬੰਧੀ ਪਰਖ ਪ੍ਰਯੋਗਸ਼ਾਲਾ" ਨੇ "ਪੈਥੋਲੋਜੀ" ਸੰਬੰਧੀ, "ਕੋਸ਼ਿਕਾ-ਵਿਗਿਆਨ" ਸੰਬੰਧੀ, "ਪਰਜੀਵੀ-ਵਿਗਿਆਨ" ਸੰਬੰਧੀ, "ਜੀਵ-ਰਸਾਇਨ-ਗਿਆਨ" ਅਤੇ "ਸੂਖਮ-ਜੀਵੀ ਵਿਗਿਆਨ" ਸੰਬੰਧੀ ਜਾਂਚ ਲਈ "ਖ਼ੂਨ", "ਮੂਤਰ" ਅਤੇ ਦੂਸਰੇ ਸ਼ਰੀਰਕ "ਤਰਲ ਪਦਾਰਥਾਂ" ਦੇ ਲਗਭਗ 8540 ਨਮੂਨੇ ਪ੍ਰਾਪਤ ਕੀਤੇ।

"ਟੀਚਿੰਗ ਵੈਟਨਰੀ ਹਸਪਤਾਲ" ਵਿਚ ਕਲੀਨਿਕ ਸੰਬੰਧੀ ਮਾਮਲੇ (1 ਜਨਵਰੀ ਤੋਂ 31 ਦਿਸੰਬਰ, 2008 ਤਕ)

	ਮੈਡੀਸਨ	ਸਰਜਰੀ	ਗਾਇਨੀਕੌਲੋਜੀ	ਕੁਲ
ਛੋਟੇ ਪਸ਼ੂ	13308	3754	669	17731
ਵੱਡੇ ਪਸ਼ੂ	2723	948	568	4239
ਕੁਲ	16031	4702	1237	21970

"ਕਲੀਨਿਕ ਸੰਬੰਧੀ ਪਰਖ ਪ੍ਰਯੋਗਸ਼ਾਲਾ" ਵਿਚ ਜਾਂਚ ਕੀਤੇ ਗਏ ਲੈਬਾਰਟਰੀ ਨਮੂਨਿਆਂ ਦਾ ਵਿਵਰਣ (1 ਜਨਵਰੀ ਤੋਂ 31 ਦਸੰਬਰ, 2008 ਤਕ)

ਨਮੂਨਿਆਂ ਦੀ ਕਿਸਮ	ਪੈਥੋਲੋਜੀ	ਪਰਜੀਵੀ-ਵਿਗਿਆਨ	ਜੀਵ-ਰਸਾਇਨ ਵਿਗਿਆਨ	ਸੂਖਮ-ਜੀਵੀ ਵਿਗਿਆਨ	ਕੁਲ
ਖ਼ੂਨ	3375	2039	1421	-	6835
ਮੂਤਰ	164	-	-	-	164
ਕੋਸ਼ਿਕਾਵਾਂ ਦਾ ਅਧਿਐਨ	128	-	-	-	128
ਵਿਸ਼ਟਾ ਸੰਬੰਧੀ	-	729	-	-	729
ਚਮੜੀ	-	180	-	-	180
ਪੀਕ (ਮਵਾਦ)	-	-	-	504	504
ਕੁਲ	3667	2948	1421	504	8540

ਪ੍ਰਕਾਸ਼ਿਤ ਹੋਈਆਂ "ਪੁਸਤਕਾਂ", "ਹੱਥ-ਲਿਖਤ ਪੁਸਤਕਾਂ" ("ਮੈਨੂਅਲਜ਼"), "ਖੁਲਾਸਾ ਪੁਸਤਕਾਂ" ("ਕੰਮਪੈਂਡੀਅਮ") ਅਤੇ "ਸੂਚਨਾ-ਪੱਤਰ" ("ਬੁਲੇਟਿਨਸ")

1. "ਟੈਕਸਟ ਬੁਕ ਆਫ਼ ਵੈਟਨਰੀ ਟੌਕਸੀਕੌਲੋਜੀ" (ਐਚ.ਐਸ.ਸੰਧੂ ਅਤੇ ਆਰ.ਐਸ.ਬਰਾੜ)
2. "ਗੋਟ ਫ਼ਾਰਮਿੰਗ ਇਨ ਪੰਜਾਬ" (ਏ.ਐਲ.ਸੈਣੀ, ਚੂੰਦਾਹਾਸ ਅਤੇ ਮੰਦੀਪ ਸਿੰਗਲਾ)
3. "ਹੈਂਡ ਬੁਕ ਆਫ਼ ਇਨਫ਼ੈਕਸ਼ਿਅਸ ਐਨੀਮਲ ਡਿਜ਼ੀਜ਼ਿਜ਼" ("ਐਪੀਡੈਮੀਓਲੋਜੀ ਐਂਡ ਪ੍ਰਿਵੈਂਟਿਵ ਮੈਡੀਸਨ")
4. "ਇੱਮਯੂਨੋਲੌਜਿਕਲ ਐਂਡ ਮੌਲੀਕਿਯੂਲਰ ਟੈਕਨੀਕਸ ਫ਼ਾਰ ਡਾਇਗਨੋਸਿਸ ਆਫ਼ ਇਨਫ਼ੈਕਸ਼ਿਅਸ ਡਿਜ਼ੀਜ਼ਿਜ਼" ਦਾ ਇਕ ਮੈਨੂਅਲ (ਐਚ.ਐਮ.ਸਕਸੈਨਾ)
5. "ਪਸ਼ੂ ਆਹਾਰ", "ਐਨੀਮਲ ਰੀਪ੍ਰੋਡਕਸ਼ਨ ਗਾਇਨੀਕੌਲੋਜੀ ਐਂਡ ਓਬਸਟੈਟ੍ਰਿਕਸ", "ਪਸ਼ੂ-ਉਤਪਾਦ ਅਤੇ ਤਕਨਾਲੌਜੀ", "ਵੈਟਨਰੀ ਫ਼ਿਜ਼ਿਓਲੋਜੀ" ਅਤੇ " ਵੈਟਨਰੀ ਸਰਜਰੀ ਐਂਡ ਰੇਡੀਓਲੋਜੀ" ਵਿਭਾਗਾਂ ਦੇ ਵੱਖੋ-ਵੱਖਰੇ "ਪਾਠ-ਵਿਸ਼ਿਆਂ" ਦੀ "ਪ੍ਰਯੋਗਸ਼ਾਲਾ ਸੰਬੰਧੀ ਮੈਨੂਅਲਜ਼" ਦੀ ਸੁਧਾਈ।
6. ਡੇਅਰੀ ਕਿਸਾਨਾਂ ਅਤੇ ਮਨਸੂਈ ਕਰਨ ਵਾਲ਼ਿਆਂ ਵਿਚ ਜਾਗਰੁਕਤਾ ਪੈਦਾ ਕਰਨ ਲਈ, ਗਊਆਂ ਅਤੇ ਮੱਝਾਂ ਵਿਚ ਸਹੀ ਵਿਗਿਆਨਿਕ ਢੰਗਾਂ ਨਾਲ਼ ਵੀਰਜ ਪਾ ਕੇ ਗਰਭਧਾਰਨ ਕਰਨ (ਮਨਸੂਈ ਕਰਨ) ਦੀਆਂ ਵਿਧੀਆਂ ਬਾਬਤ ਗਿਆਨ ਦੇਣ ਲਈ ਛੋਟੀਆਂ ਕਿਤਾਬਾਂ ("ਬੁਕਲੈੱਟਸ") "ਐਨੀਮਲ ਰੀਪ੍ਰੋਡਕਸ਼ਨ ਗਾਇਨੀਕੌਲੋਜੀ ਐਂਡ ਓਬਸਟੈਟ੍ਰਿਕਸ ਵਿਭਾਗ" ਦੁਆਰਾ "ਅੰਗ੍ਰੇਜ਼ੀ" ਅਤੇ "ਪੰਜਾਬੀ" ਵਿਚ ਪ੍ਰਕਾਸ਼ਿਤ ਕੀਤੀਆਂ ਗਈਆਂ।

"ਬੁਨਿਆਦੀ ਢਾਂਚੇ" ("ਇਨਫ੍ਰਾਸਟ੍ਰੱਕਚਰ")

"ਐਨੀਮਲ ਬਰੀਡਿੰਗ ਐਂਡ ਜੈਨੇਟਿੱਕਸ "	• "ਬਰਾਇਲਰ ਮੁਰਗੀਆਂ" ਦੇ ਸ਼ੈੱਡਾਂ ਵਿਚ ਬੈਠਣ ਲਈ "ਉੱਚਾ ਥੜਾ" ("ਪਲੈਟਫ਼ਾਰਮ") । • ਬਟੇਰਾਂ ਲਈ ਸਾਮੂਹਿਕ ਪਿੰਜਰੇ ("ਕਲੋਨੀ ਕੇਜਿਜ਼") । • "ਹੈਚਰੀ" ਅਤੇ "ਵਿਕ੍ਰੀ ਕਾਊਂਟਰ" ਦੀ ਮੁਰੰਮਤ ।
"ਐਪੀਡੈਮੀਓਲੋਜੀ ਐਂਡ ਪ੍ਰਿਵੈਂਟਿਵ ਵੈਟਨਰੀ ਮੈਡੀਸਨ ਵਿਭਾਗ"	• "ਜੈੱਲ ਡੌਕ ਸਿੱਸਟਮ" । • "ਕੀਟਾਣੂ-ਵਿਗਿਆਨ", "ਵਿਸ਼ਾਣੂ-ਵਿਗਿਆਨ", "ਵਿਸ਼ੈਲਾ-ਪਦਾਰਥ-ਵਿਗਿਆਨ" ਸੰਬੰਧੀ ਅਤੇ "ਪੈਥੋਲੋਜੀ" ਪ੍ਰਯੋਗਸ਼ਾਲਾਵਾਂ ਦੀ ਮੁਰੰਮਤ । • ਲਗਾਤਾਰ ਬਿਜਲੀ ਪੂਰਤੀ ਕਰਨ ਵਾਲ਼ਾ "ਪੈਕ" ।
"ਪਸ਼ੂ ਧਨ ਉਤਪਾਦਨ ਅਤੇ ਪ੍ਰਬੰਧ ਵਿਭਾਗ"	• ਦੁੱਧ-ਸ਼ਾਲਾ ਅਤੇ ਮੁਰਗੀਆਂ ਦੇ ਮਾਸ ਨੂੰ ਤਿਆਰ ਕਰਨ ਸੰਬੰਧੀ ਮਸ਼ੀਨਾਂ ਦਾ ਸਾਜ਼ੋ-ਸਾਮਾਨ • "ਠੰਢੇ ਨੁਮਾਇਸ਼ੀ ਕੈਬੀਨੇਟਸ" (ਅਲਮਾਰੀਆਂ) । • "ਹਵਾ-ਰਹਿਤ ਪੈਕਿੰਗ ਕਰਨ ਵਾਲ਼ੀ ("ਜਰਮਨੀ ਦੀ") ਮਸ਼ੀਨ" ਅਤੇ "ਮਸਾਲੇਦਾਰ ਮਾਸ ਦੀ ਚਾਂਪ ("ਸੱਾਸਿਜ਼") ਭਰਨ ਵਾਲ਼ੀ ("ਫ਼ਰਾਂਸ ਦੀ") ਮਸ਼ੀਨ" । • ਆਂਤੜੀਆਂ ਵੱਢਣ ਵਾਲ਼ਾ ਗੰਡਾਸਾ ।

"ਵੈਟਨਰੀ ਅਨਾਟਮੀ ਐਂਡ ਹਿਸਟੌਲੋਜੀ ਵਿਭਾਗ"	• "ਚੀਰ-ਫਾੜ" ਲਈ ਵਰਤੇ ਜਾਣ ਵਾਲ਼ੇ "ਹਾਲ" ਦੀ ਮੁਰੰਮਤ
"ਵੈਟਨਰੀ ਅਤੇ ਪਸ਼ੂ-ਪਾਲਨ ਵਿਸਤਾਰ ਵਿਭਾਗ"	• "ਧੁਨੀ ਪਰਾਕਿਰਨਾਂ ਰਾਹੀਂ ਪਰਖ ਕਰਨ ਵਾਲ਼ੀ ਤੁਰਦੀ-ਫਿਰਦੀ ਮਸ਼ੀਨ" ।
"ਵੈਟਨਰੀ ਕਲੀਨਿਕਲ ਸਰਵਿਸਿਜ਼ ਕੰਮਪਲੈਕਸ"	• "ਦ੍ਰਵ-ਪ੍ਰਵਾਹਿਤ" ਮਸ਼ੀਨ ਨਾਲ਼ ਚੱਲਣ ਵਾਲ਼ੀ ਵੱਡੇ ਜਾਨਵਰਾਂ ਲਈ "ਓਪਰੇਸ਼ਨ (ਚੀਰ-ਫਾੜ ਕਰਨ ਵਾਲ਼ੀ) ਟੇਬਲ" । • ਛੋਟੇ ਪਸ਼ੂਆਂ ਵਿਚ "ਦੂਰਬੀਨ ਰਾਹੀਂ ਓਪਰੇਸ਼ਨ ਕਰਨ ਵਾਲ਼ੀ ਮਸ਼ੀਨ" । • "ਧੁਨੀ ਪਰਾਕਿਰਨਾਂ ਰਾਹੀਂ ਪਰਖ ਕਰਨ ਵਾਲ਼ੀ ਤੁਰਦੀ-ਫਿਰਦੀ ਮਸ਼ੀਨ" ।
"ਵੈਟਨਰੀ ਸੂਖਮਜੀਵੀ-ਵਿਗਿਆਨ (ਮਾਈਕ੍ਰੋਬਾਇਓਲੋਜੀ) ਵਿਭਾਗ"	• "ਇੱਮਯੂਨੋਲੋਜੀ", "ਪ੍ਰੋਟੀਓਮਿੱਕਸ" ਅਤੇ "ਕੀਟਾਣੂ-ਵਿਗਿਆਨ" ਸੰਬੰਧੀ ਪ੍ਰਯੋਗਸ਼ਾਲਾਵਾਂ ਦੀ ਉੱਨਤੀ ਅਤੇ ਮੁਰੰਮਤ । • ਬਹੁ ਕ੍ਰਿਆ-ਸ਼ੀਲ "ਇਨਕਿਯੂਬੇਟਰ", "ਠੰਡੀ ਵਿਕੇਂਦਰੀ ("ਨਾਭ-ਤਿਆਗ ਬਲ ਵਾਲ਼ੀ") ਮਸ਼ੀਨ" ("ਰੈਫ਼ਰੀਜੀਰੇਟਿਡ ਸੈਂਟ੍ਰੀਫ਼ਿਯੂਜ"), "ਜਲ-ਸ਼ੋਧਣ ਪ੍ਰਣਾਲੀ", "ਬਹੁਤ ਜਿਆਦਾ ਬਰਫ਼ ਜਮਾਉਣ ਵਾਲ਼ੀ ("ਡੀਪ ਫ਼ਰੀਜ਼ਰ") ਮਸ਼ੀਨ" ਅਤੇ "ਕਾਰਬਨ ਡਾਈ ਓਕਸਾਈਡ(CO_2) ਇਨਕਿਯੂਬੇਟਰ" ਦੀ ਖਰੀਦ ।
"ਵੈਟਨਰੀ ਪਰਜੀਵੀ-ਵਿਗਿਆਨ (ਪੈਰਾਸਾਈਟੌਲੋਜੀ) ਵਿਭਾਗ"	• "ਮੌਡਿਯੂਲਾਂ" ਅਤੇ "ਡੀ.ਐੱਲ.ਪੀ. ਪ੍ਰੋਜੈਕਟਰ" ਨਾਲ਼ ਸੁਸ਼ੋਭਿਤ ਅਤਿ-ਆਧੁਨਿਕ "ਅੰਡਰ-ਗ੍ਰੈਜੂਏਟ" ਪ੍ਰਯੋਗਸ਼ਾਲਾ । • ਵੱਖੋ-ਵੱਖਰੇ "ਪਰਜੀਵੀ ਪਦਾਰਥਾਂ" ਨੂੰ "ਅਲੱਗ ਕਰਨ", "ਗਾੜ੍ਹਾ ਕਰਨ" ਅਤੇ "ਸ਼ੋਧਣ" ਲਈ ਪੰਜ ਭਿੰਨ-ਭਿੰਨ ਪ੍ਰਕਾਰ ਦੇ ਘੁੰਮਣ ਵਾਲ਼ੇ ਯੰਤਰਾਂ ("ਰੋਟਰਾਂ") ਵਾਲ਼ੀ "ਠੰਡੀ ਵਿਕੇਂਦਰੀ ("ਨਾਭ-ਤਿਆਗ ਬਲ ਵਾਲ਼ੀ") ਮਸ਼ੀਨ" ।
"ਵੈਟਨਰੀ ਪੈਥੋਲੋਜੀ ਵਿਭਾਗ"	• "ਠੰਡੀ ਵਿਕੇਂਦਰੀ ("ਨਾਭ-ਤਿਆਗ ਬਲ ਵਾਲ਼ੀ") ਮਸ਼ੀਨ", "ਬਹੁਤ ਜ਼ਿਆਦਾ ਬਰਫ਼ ਜਮਾਉਣ ਵਾਲ਼ੀਆਂ ਮਸ਼ੀਨਾਂ", "ਰੀਧਮਈ ਧੂੰਆਂ ਕੱਢਣ ਵਾਲਾ ਟੱਪ" ("ਹੁੱਡ") ਅਤੇ "ਸਲਾਈਡਾਂ" ਰੱਖਣ ਵਾਲ਼ੇ ਕੈਬੀਨੇਟਾਂ (ਅਲਮਾਰੀਆਂ) ਨਾਲ਼ ਸਜੀ ਹੋਈ "ਇੱਮਯੂਨੋ-ਪੈਥੋਲੋਜੀ ਪ੍ਰਯੋਗਸ਼ਾਲਾ" ਦੀ ਉੱਨਤੀ । • "ਨੁਮਾਇਸ਼ੀ ਤਸਵੀਰਾਂ ਨੂੰ ਆਪਣੇ-ਆਪ ਉੱਤੇ ਥੱਲੇ ਕਰਕੇ ਪ੍ਰਦਰਸ਼ਨ ਕਰਨ ਵਾਲ਼ੀ ਮਸ਼ੀਨ" ("ਸਕ੍ਰੌਲਰ") । • "ਜੀਵ-ਰਸਾਇਣ" ਸੰਬੰਧੀ ਵਿਸ਼ਲੇਸ਼ਣ ਕਰਨ ਵਾਲ਼ੀ ਮਸ਼ੀਨ ।
"ਵੈਟਨਰੀ ਫਿਜ਼ਿਓਲੋਜੀ ਵਿਭਾਗ"	• "ਐਲਾਈਜ਼ਾ ਰੀਡਰ" ਅਤੇ "ਐਟੌਮਿਕ ਐਬਜ਼ੋਰਪਸ਼ਨ ਸਪੈਕਟ੍ਰੋਫ਼ੋਟੋਮੀਟਰ" ਲਈ "ਵੀ.ਜੀ.ਏ. (VGA) ਅਸੈਂਬਲੀ" ।

"ਫ਼ਿਸ਼ਰੀਜ਼ ਕਾਲਜ"

ਅਧਿਆਪਨ ਵਰ੍ਹੇ 2008-09 ਵਿਚ ਦਾਖ਼ਲ ਹੋਏ ਵਿਦਿਆਰਥੀਆਂ ਦੀ ਕੁਲ ਸੰਖਿਆ 18 ਸੀ, ਜਿਸ ਵਿਚ 12 "ਬੀ.ਐੱਫ.ਐੱਸ ਸੀ." (B.F.Sc) ਵਾਲ਼ੇ "ਸਾਂਝੀ ਪ੍ਰਵੇਸ਼ ਪਰੀਖਿਆ" ਰਾਹੀਂ ਦਾਖ਼ਿਲ ਕੀਤੇ ਗਏ, ਦੋ (2) "ਐਮ.ਐੱਫ.ਐੱਸ ਸੀ." (M.F.Sc) ਵਾਲ਼ੇ (ਦੋਵੇਂ "ਆਈ.ਸੀ.ਏ.ਆਰ."; I.C.A.R ਵੱਲੋਂ ਨਾਮਜ਼ਦ ਕੀਤੇ ਹੋਏ) ਅਤੇ ਚਾਰ (4) "ਪੀ.ਜੀ.ਡੀ.ਆਈ.ਐੱਫ." (PGDIF) ਵਾਲ਼ੇ ਸ਼ਾਮਿਲ ਸਨ। ਦਾਖ਼ਿਲ ਕੀਤੇ ਗਏ 18 ਵਿਦਿਆਰਥੀਆਂ ਵਿਚੋਂ, 13 (72.2 ਫ਼ੀ ਸਦੀ) ਮੁੰਡੇ ਅਤੇ 5 (27.8 ਫ਼ੀ ਸਦੀ) ਕੁੜੀਆਂ ਸਨ। ਪ੍ਰਤਿਸ਼ਤ ਭਾਗ ਅਨੁਸਾਰ, "ਬੀ.ਐੱਫ.ਐੱਸ ਸੀ." (B.F.Sc), "ਐਮ.ਐੱਫ.ਐੱਸ ਸੀ." (M.F.Sc) ਅਤੇ "ਪੀ.ਜੀ.ਡੀ.ਆਈ.ਐੱਫ." (PGDIF) ਪ੍ਰੋਗਰਾਮਾਂ ਵਿਚ ਕੁੜੀਆਂ ਦੀ ਗਿਣਤੀ ਕ੍ਰਮ ਅਨੁਸਾਰ 25, 0 ਅਤੇ 50 ਫ਼ੀ ਸਦੀ ਹੈ।

"ਸਕਾਲਰਸ਼ਿਪ"/ "ਫ਼ੈਲੋਸ਼ਿਪ" ਵਜੀਫ਼ਾ

"ਬੀ.ਐੱਫ.ਐੱਸ ਸੀ." (B.F.Sc) ਦੇ 4 "ਅੰਡਰ-ਗ੍ਰੈਜੂਏਟ" ਵਿਦਿਆਰਥੀਆਂ ਨੂੰ "ਯੂਨੀਵਰਸਿਟੀ ਮੈਰਿਟ ਸਕਾਲਰਸ਼ਿਪ" ਵਜੀਫ਼ਾ ਪ੍ਰਦਾਨ ਕੀਤਾ ਗਿਆ।

ਪ੍ਰਕਾਸ਼ਿਤ ਹੋਈਆਂ "ਹੱਥ-ਲਿਖਤ ਪੁਸਤਕਾਂ" ("ਮੈਨੂਅਲਸ"), "ਖੁਲਾਸਾ ਪੁਸਤਕਾਂ" ("ਕੰਮਪੈਂਡੀਅਮ") ਅਤੇ "ਸੂਚਨਾ-ਪੱਤਰ" ("ਬੁਲੇਟਿਨਸ")

- "ਫ਼ਿਸ਼ਰੀਜ਼ ਡਿਵੈਲਪਮੈਂਟ ਇਨ ਪੰਜਾਬ-ਏ ਰੋਡ ਮੈਪ" ਕਮਲਦੀਪ ਕੌਰ, ਆਸ਼ਾ ਧਵਨ ਅਤੇ ਮੀਰਾ ਡੀ.ਅੰਸਲ, "ਗਡਵਾਸੂ", ਲੁਧਿਆਣਾ, ਦੁਆਰਾ ਲਿਖੀ ਗਈ ਪੁਸਤਕ।
- "ਐੱਨ.ਐੱਫ.ਡੀ.ਬੀ." (NFDB) ਦੀ ਸਰਪਰਸਤੀ ਵਿਚ ਅਗਸਤ 25 ਤੋਂ 4 ਸਤਬੰਰ, 2008 ਤਕ "ਫ਼ਿਸ਼ਰੀਜ ਕਾਲਜ" ਦੁਆਰਾ ਪ੍ਰਬੰਧ ਕੀਤੇ ਗਏ "ਵਧੇਰੇ ਮੱਛੀ ਉਤਪਾਦਨ ਲਈ ਤਕਨਾਲੋਜੀਆਂ" ਨਾਮੀ ਇਕ "ਦਸ (10) ਰੋਜਾ" ਕਿਸਾਨਾਂ ਲਈ ਸਿਖਲਾਈ ਪ੍ਰੋਗਰਾਮ ਦੌਰਾਨ ਦਿੱਤੇ ਗਏ ਲੈਕਚਰਾਂ ਦੀ "ਖੁਲਾਸਾ ਪੁਸਤਕ" ("ਕੰਮਪੈਂਡੀਅਮ"), ਆਸ਼ਾ ਧਵਨ ਅਤੇ ਮੀਰਾ ਡੀ.ਅੰਸਲ ਦੁਆਰਾ ਸੰਕਲਿਤ ਕੀਤੀ ਗਈ।
- "ਕੈਰੀਅਰ ਪ੍ਰੌਸਪੈਕਟਸ ਇਨ ਫ਼ਿਸ਼ਰੀਜ਼" "ਗਡਵਾਸੂ" ਲੁਧਿਆਣਾ, ਵੱਲੋਂ ਪ੍ਰਕਾਸ਼ਿਤ ਇਕ "ਦੁਪੱਤਰੀ" ("ਪੈਮਫ਼ਲੈਟ")

"ਬੁਨਿਆਦੀ ਢਾਂਚੇ" ("ਇਨਫ੍ਰਾਸਟ੍ਰੱਕਚਰ")

- ਇਕ ਏਕੜ ਵਾਲ਼ਾ "ਨੁਮਾਇਸ਼ੀ ਉਤਪਾਦਨ ਤਲਾ" ਅਤੇ ਹਰੇਕ 0.2 ਏਕੜ ਵਾਲ਼ੇ ਚਾਰ (4) ਮੱਛੀ ਪਾਲਣ ਵਾਲ਼ੇ "ਨਰਸਰੀ ("ਪਨੀਰੀ") ਤਲਾ"।
- ਇਕ "ਟਯੂਬਵੈੱਲ"।
- "ਸਜਾਵਟੀ ਮੱਛੀਆਂ" ਦੀ ਕਾਸ਼ਤਕਾਰੀ ਅਤੇ ਨਸਲਕਸ਼ੀ ਲਈ ਸੀਮੇਂਟ ਨਾਲ਼ ਪੱਕੇ ਕੀਤੇ ਹੋਏ ਪਾਣੀ ਵੱਗਣ ਵਾਲ਼ੇ ਚੌਵੀ (24) "ਕੁੰਡ" ("ਸਿੱਸਟਰਨਸ")।
- ਆਧੁਨਿਕ ਅਤੇ ਖ਼ਾਸ ਕਿਸਮ ਦੀਆਂ ਖੋਜ ਸਹੂਲਤਾਂ ਨਾਲ਼ ਲੈਸ "ਪਾਣੀ ਦੀ ਪਰਖ" ਅਤੇ "ਮੱਛੀ ਆਹਾਰ" ਦੀਆਂ ਪ੍ਰਯੋਗਸ਼ਾਲਾਵਾਂ।

- "ਬਲਾਕ ਸੀ" (C) ਇਮਾਰਤ, ਜਿਸ ਵਿਚ "ਪ੍ਰਸ਼ਾਸਨ ਭਾਗ", "ਸੰਮੇਲਨ" ("ਕਾਨਫ਼ਰੈਂਸ")/ "ਕਮੇਟੀ" ਕਮਰਾ ਅਤੇ "ਕੱਮਪਯੂਟਰ-ਯੁਕਤ ਲਾਇਬ੍ਰੇਰੀ" ਹੈ।
- ਆਧੁਨਿਕ "ਸੁਣਨ" ਅਤੇ "ਦੇਖਣ" ਵਾਲ਼ੀ ਸਹੂਲਤਾਂ ਜਿਵੇਂ ਕਿ "ਪਰਸਪਰ ਪ੍ਰਭਾਵਸ਼ੀਲ ਲਿਖਣ ਵਾਲਾ ("ਇੰਟਰਐਕਟਿਵ") ਬੋਰਡ", "ਕੱਮਪਯੂਟਰ-ਯੁਕਤ ਲੈਕਚਰ ਸਟੈਂਡ", "ਐੱਲ.ਸੀ.ਡੀ." (LCD), "ਦੇਖਣ ਵਾਲ਼ੀ ਮਸ਼ੀਨ" ("ਵਿਜੁਏਲਾਈਜ਼ਰ") ਆਦਿ ਨਾਲ਼ ਸਜਿਆ ਹੋਇਆ "ਅੰਡਰ-ਗ੍ਰੈਜੂਏਟ" ਲੈਕਚਰ ਵਾਲ਼ਾ ਕਮਰਾ।
- "ਅਧਿਐਨ ਪ੍ਰਯੋਗਸ਼ਾਲਾ" ਲਈ ਨਮੂਨੇ ("ਸਪੈੱਸੀਮਨਜ਼") , "ਮਾਡਲ" ਅਤੇ "ਡਿਜਿਟਲ ਪੋਸਟਰ"।
- "ਪ੍ਰਯੋਗਸ਼ਾਲਾਵਾਂ" ਅਤੇ "ਤਲਾਬਾਂ"/ "ਕੁੰਡਾਂ" ਦੀ ਮੁਰੰਮਤ।
- "ਕਾਰਪ" ਮੱਛੀ "ਹੈਚਰੀ" ਦੀ ਉੱਨਤੀ।

"ਡੇਅਰੀ ਸਾਇੰਸ ਅਤੇ ਤਕਨਾਲੋਜੀ ਕਾਲਜ"

ਅਧਿਆਪਨ ਵਰ੍ਹੇ 2008-09 ਦੌਰਾਨ, "ਬੀ.ਟੈੱਕ. (ਡੇਅਰੀ ਟੈੱਕਨਾਲੋਜੀ) ਪ੍ਰੋਗਰਾਮ" ਦੇ ਪਹਿਲੇ ਸਾਲ ਵਿਚ ਕੁਲ ਚੌਵੀ (24) ਵਿਦਿਆਰਥੀ ਦਾਖ਼ਲ ਕੀਤੇ ਗਏ। ਇਨ੍ਹਾਂ ਵਿਚੋਂ ਇੱਕੀ (21) ਸੀ.ਈ.ਟੀ.(CET)-2008 ਟੈੱਸਟ ਰਾਹੀਂ ਅਤੇ ਤਿੰਨ (3) ਆਈ.ਸੀ.ਏ.ਆਰ.(ICAR) ਦੀਆਂ ਨਾਮਜ਼ਦਗੀਆਂ ਦੁਆਰਾ ਦਾਖ਼ਲ ਕੀਤੇ ਗਏ। "ਬੀ.ਟੈੱਕ (ਡੇਅਰੀ ਟੈੱਕਨਾਲੋਜੀ)" ਵਿਚ ਵਿਦਿਆਰਥਣਾਂ (ਕੁੜੀਆਂ) ਦੀ ਪ੍ਰਤਿਸ਼ਤ ਸੰਖਿਆ 16.66 ਫ਼ੀ ਸਦੀ ਹੈ।

ਪ੍ਰਕਾਸ਼ਿਤ ਕੀਤੀਆਂ "ਹੱਥ-ਲਿਖਿਤ ਪੁਸਤਕਾਂ" ("ਮੈਨੂਅਲਸ")

"ਪ੍ਰੈਕਟੀਕਲ ਮੈਨੂਅਲ ਆਫ਼ ਮਿਲਕ ਪ੍ਰੋਡਕਸ਼ਨ ਮੈਨੇਜਮੈਂਟ ਐਂਡ ਡੇਅਰੀ ਡਿਵੈਲਪਮੈਂਟ ਫ਼ਾਰ DB-113", ਡੀ.ਐੱਸ.ਮਲਿਕ, ਐੱਸ.ਸਿਵਾ ਕੁਮਾਰ ਅਤੇ ਐੱਸ.ਐੱਸ.ਨਾਗਰਾ ਦੁਆਰਾ ਲਿਖਿਆ ਗਿਆ।

"ਬੁਨਿਆਦੀ ਢਾਂਚੇ" ("ਇਨਫ੍ਰਾਸਟ੍ਰੱਕਚਰ")

"ਅਧਿਆਪਨ" ਅਤੇ "ਖੋਜ" ਪ੍ਰਯੋਗਸ਼ਾਲਾਵਾਂ

ਇਹ ਕਾਲਜ "ਅਧਿਆਪਨ" ਅਤੇ "ਸਿੱਖਿਆ" ਦੇ ਮੰਤਵ ਲਈ ਸ੍ਰੇਸ਼ਟ "ਬੁਨਿਆਦੀ ਢਾਂਚੇ" ("ਇਨਫ੍ਰਾਸਟ੍ਰੱਕਚਰ") ਸਿਰਜਣ ਦੀ ਪ੍ਰਕ੍ਰਿਆ ਵਿਚ ਹੈ। "ਅੰਡਰ-ਗ੍ਰੈਜੂਏਟ" ਵਿਦਿਆਰਥੀਆਂ ਦੇ "ਅਧਿਆਪਨ" ਲਈ ਕਾਲਜ ਦੀਆਂ ਕੁਝ ਪ੍ਰਯੋਗਸ਼ਾਲਾਵਾਂ ਪਹਿਲਾਂ ਹੀ ਸਥਾਪਿਤ ਕੀਤੀਆਂ ਜਾ ਚੁੱਕੀਆ ਹਨ ਅਤੇ ਇਹ ਨਵੀਨਤਮ, ਸੰਵੇਦਨਸ਼ੀਲ ਵਿਸ਼ਲੇਸ਼ਣ ਸੰਬੰਧੀ ਯੰਤਰਾਂ ਅਤੇ ਸਾਜੋ-ਸਾਮਾਨ ਨਾਲ਼ ਲੈਸ ਹਨ।

"ਪ੍ਰਯੋਗਾਤਮਕ"/ ਵਿਦਿਆਰਥੀਆਂ ਦੀ ਸਿਖਲਾਈ ਲਈ "ਡੇਅਰੀ ਪਲਾਂਟ"

"ਪ੍ਰਯੋਗਾਤਮਕ ਡੇਅਰੀ ਪਲਾਂਟ" ਇਸ ਕਾਲਜ ਵਿਚ ਸਿਰਜੇ ਜਾ ਰਹੇ "ਬੁਨਿਆਦੀ ਢਾਂਚੇ" ਦਾ ਇਕ ਹੋਰ ਅਵੱਲਾ ਨਕਸ਼ ਹੈ ਜਿਸਦਾ ਮੰਤਵ ਵਿਦਿਆਰਥੀਆਂ ਨੂੰ "ਅਮਲੀ ਸਿਖਲਾਈ" ਦੇਣਾ ਅਤੇ ਪ੍ਰਯੋਗਸ਼ਾਲਾ ਸੰਕਲਪਾਂ ਨੂੰ "ਸ਼ੁਰੂਆਤੀ" / "ਅਰਧ-ਵਪਾਰਿਕ" ਪੱਧਰ ਤੇ ਮਿਆਰਾਂ ਨੂੰ ਉੱਚਾ ਚੁੱਕਣ ਲਈ "ਖੋਜ" ਅਤੇ "ਵਿਕਾਸ " ਦੇ ਕੰਮ ਕਰਨਾ ਹੈ। ਇਹ ਪਲਾਂਟ ਪ੍ਰਤਿ ਦਿਨ 4000 ਲਿਟਰ ਦੁੱਧ ਨੂੰ ਵੰਨ-ਸੁਵੰਨੇ ਦੁੱਧ ਉਤਪਾਦਾਂ ਵਿਚ ਤਿਆਰ ਕਰਨ ਦੇ ਸਮਰਥ ਹੋਵੇਗਾ। "ਡੇਅਰੀ ਪਲਾਂਟ" ਦਾ ਟੀਚਾ

"ਅੰਡਰ-ਗ੍ਰੈਜੂਏਟ" ਵਿਦਿਆਰਥੀਆਂ ਨੂੰ ਡੇਅਰੀ ਪਲਾਟਾਂ ਨੂੰ ਚਲਾਉਣ ਲਈ ਹੱਥੀਂ ਸਿਖਲਾਈ ਪ੍ਰਦਾਨ ਕਰਨ ਲਈ ਅਤੇ ਸਾਇੰਸਦਾਨਾਂ (ਵਿਗਿਆਨੀਆਂ) ਨੂੰ ਸ਼ੁਰੂਆਤੀ ਤੌਰ ਤੇ, ਪ੍ਰਯੋਗਸ਼ਾਲਾ ਵਿਚ ਵਿਕਸਿਤ ਕੀਤੇ ਨਵੇਂ ਉਤਪਾਦ ਅਤੇ ਪ੍ਰਕ੍ਰਿਆਵਾਂ ਦੀਆਂ ਮਿਆਰਾਂ ਨੂੰ ਉੱਚਾ ਚੁੱਕਣ ਲਈ ਯੋਗ ਬੁਨਿਆਦੀ ਢਾਂਚਿਆਂ ਦੀਆਂ ਸਹੂਲਤਾਂ ਪ੍ਰਦਾਨ ਕਰਨਾ ਹੋਵੇਗਾ। ਇਸ ਦੁੱਧ ਦੇ ਪਲਾਂਟ ਵਿਚ ਤਰਲ ਦੁੱਧ ਦੇ ਪ੍ਰਬੰਧ ਲਈ ਅਤੇ ਵਾਧੂ ਦੁੱਧ ਨੂੰ ਭਾਂਤ-ਭਾਂਤ ਦੇ ਡੇਅਰੀ ਉਤਪਾਦਾਂ ਜਿਵੇਂ ਕਿ "ਪਾਸਚਯੂਰਾਈਜ਼ਡ ਦੁੱਧ", ਮੱਖਣ, ਘਿਓ, ਪਨੀਰ, ਲੱਸੀ, ਆਇਸਕ੍ਰੀਮ ਅਤੇ "ਚੀਜ਼" (ਇਕ ਪ੍ਰਕਾਰ ਦਾ ਪਨੀਰ) ਆਦਿ ਵਿਚ ਬਦਲਣ ਦੀ ਸਹੂਲਤਾਂ ਹੋਣਗੀਆਂ।

"ਪੋਸਟ-ਗ੍ਰੈਜੂਏਟ ਇੰਸਟੀਚਿਊਟ ਆਫ ਵੈਟਨਰੀ ਐਜੂਕੇਸ਼ਨ ਐਂਡ ਰਿਸਰਚ" ("ਪੀ.ਜੀ.ਆਈ.ਵੀ.ਈ.ਆਰ."; PGIVER)

ਅਧਿਆਪਨ ਵਰ੍ਹੇ 2008-09 ਦੌਰਾਨ, "ਐਮ.ਵੀ.ਐੱਸ ਸੀ.(M.V.Sc)/ "ਐਮ.ਐੱਸ ਸੀ. (M.Sc) "ਐਨੀਮਲ ਬਾਇਓਟੈੱਕਨਾਲੋਜੀ" ਵਿਸ਼ੇ ਵਿਚ ਪੰਜ (5) ਵਿਦਿਆਰਥੀ ਦਾਖ਼ਲ ਕੀਤੇ ਗਏ, ਜਿਨ੍ਹਾਂ ਵਿਚ ਚਾਰ (4) ਮੁੰਡੇ (80 ਫ਼ੀ ਸਦੀ) ਅਤੇ ਇਕ (1) ਕੁੜੀ (20 ਫ਼ੀ ਸਦੀ) ਸ਼ਾਮਿਲ ਸੀ।

"ਪ੍ਰਕਾਸ਼ਿਤ ਹੋਇਆਂ ਪੁਸਤਕਾਂ, ਹੱਥ-ਲਿਖਿਤ ਪੁਸਤਕਾਂ" ("ਮੈਨੂਅਲਸ")/ "ਖੁਲਾਸਾ ਪੁਸਤਕਾਂ" ("ਕੰਮਪੈਂਡੀਅਮ")/ "ਸੂਚਨਾ-ਪੱਤਰ" ("ਬੁਲੇਟਿਨਸ")

- "ਐਨੀਮਲ ਜੈਨੇਟਿੱਕਸ: ਕਨਸੈੱਪਟਸ ਐਂਡ ਇਮਪਲੀਕੇਸ਼ਨਸ" ਗੁਰਵਿੰਦਰ ਸਿੰਘ ਦੁਆਰਾ ਲਿਖੀ ਗਈ ਪੁਸਤਕ।
- "ਰੀਅਲ ਟਾਈਮ ਪੀ.ਸੀ.ਆਰ." (PCR) ਉੱਤੇ ਸਿਖਲਾਈ ਲਈ "ਖੁਲਾਸਾ ਪੁਸਤਕ" ("ਕਮਪੈਂਡੀਅਮ")।
- "ਪਾਠ-ਵਿਸ਼ਾ" ("ਕੋਰਸ") ਨੰਬਰ ABT-523 ("ਪਸ਼ੂ-ਗੁਣ ਸੂਤਰਾਂ ਸੰਬੰਧੀ ਵਿਗਿਆਨ", "ਐਨੀਮਲ ਜੀਨੋਮਿੱਕਸ") ਲਈ "ਹੱਥ-ਲਿਖਿਤ ਪੁਸਤਕ" ("ਮੈਨੂਅਲ"), ਜੀ.ਵੀ.ਪੀ.ਪੀ.ਐੱਸ. ਰਵੀ ਕੁਮਾਰ ਅਤੇ ਜੀ.ਐੱਸ.ਬਰਾਹ ਦੁਆਰਾ ਲਿਖੀ ਗਈ।

ਵਿਕਸਿਤ ਕੀਤੇ "ਬੁਨਿਆਦੀ ਢਾਂਚੇ" ("ਇਨਫ੍ਰਾਸਟ੍ਰੱਕਚਰ")

- "ਪਸ਼ੂ-ਗੁਣ-ਸੂਤਰਾਂ ਸੰਬੰਧੀ ਵਿਗਿਆਨ" ("ਐਨੀਮਲ ਜੀਨੋਮਿੱਕਸ") ਅਤੇ "ਆਣਵਿਕ ਪਰਖ ਸੰਬੰਧੀ" ਸਾਜੋ-ਸਾਮਾਨ ਅਤੇ "ਬਚਾਅ ਦੇ ਟੀਕਿਆਂ ਦੇ ਵਿਗਿਆਨ" ("ਮੌਲੀਕਿਯੂਲਰ ਡਾਇਗਨੌਸਟਿੱਕਸ ਐਂਡ ਵੈਕਸੀਨੋਲੌਜੀ") ਨਾਮੀ ਦੋ ਪ੍ਰਯੋਗਸ਼ਾਲਾਵਾਂ ਸਥਾਪਿਤ ਕੀਤੀਆਂ ਜਾ ਚੁੱਕੀਆਂ ਹਨ।
- ਉੱਚ ਅਤੇ ਨਵੀਨਤਮ ਸਾਜੋ-ਸਾਮਾਨ ਜਿਵੇਂ ਕਿ "ਥਰਮੋਸਾਇਕਲਰ" ("ਭਿੰਨ-ਭਿੰਨ ਤਪਸ਼ ਦੇ ਚੱਕਰ ਦੇਣ ਵਾਲ਼ੀ ਮਸ਼ੀਨ"), "ਰੀਅਲ ਟਾਈਮ ਪੀ.ਸੀ.ਆਰ.(PCR)", "ਬਹੁਤ ਘੱਟ ਤਾਪਮਾਨ ਵਾਲ਼ੀ ਬਰਫ਼ ਜਮਾਉਣ ਵਾਲ਼ੀ ਮਸ਼ੀਨ" ("ਡੀਪ ਫ਼ਰੀਜ਼ਰ") , "ਸੀ.ਓ.ਟੂ (CO_2) ਇਨਕਯੂਬੇਟਰ", "ਠੰਡੀ ਵਿਕੇਂਦਰੀ ("ਨਾਭ ਤਿਆਗ ਬਲ ਵਾਲ਼ੀ") ਮਸ਼ੀਨ" ("ਰੈਫ੍ਰੀਜੀਰੇਟਿਡ ਸੈਂਟ੍ਰੀਫ਼ਿਯੂਜ"), "ਉਲਟਾ ਸੂਖਮ-ਦਰਸ਼ੀ ਯੰਤਰ" ("ਇਨਵਰਟਿਡ ਮਾਇਕ੍ਰੋਸਕੋਪ") ਆਦਿ ਸ਼ਾਮਿਲ ਕੀਤਾ ਜਾ ਚੁੱਕਾ ਹੈ।

ਯੂਨੀਵਰਸਿਟੀ ਵਿਚ ਮਿਲਣ ਲਈ ਆਏ "ਮਹਿਮਾਨ"

ਯੂਨੀਵਰਸਿਟੀ ਵਿਚ ਮਿਲਣ ਲਈ ਆਏ ਉੱਘੇ ਮਹਿਮਾਨਾਂ ਵਿਚ ਸ਼ਾਮਿਲ ਹਨ:

- "ਸ੍ਰੀ ਵੇਂਕਟੇਸ਼ਵਰਾ ਵੈਟਨਰੀ ਯੂਨੀਵਰਸਿਟੀ, ਤਿਰੂਪਤੀ" ਦੇ "ਪ੍ਰਬੰਧਕੀ ਬੋਰਡ" ਦੇ ਮੈਂਮਬਰ।
- "ਐੱਲ.ਆਈ.ਸੀ.ਓ.ਐੱਸ." (LICOS) ਤੋਂ "ਸ੍ਰੀ ਮਤੀ ਐਨਿਲੀਨ ਵੇਂਡੇਪਲਾਸ"- "ਸੰਸਥਾਵਾਂ ਅਤੇ ਆਰਥਿਕ ਪ੍ਰਦਰਸ਼ਨ ਦਾ ਕੇਂਦਰ", ਕੇ.ਯੂ. ਲਿਯੂਵਨ, ਬੈਲਜਿਅਮ ਅਤੇ "ਆਈ.ਐੱਫ.ਪੀ.ਆਰ.ਆਈ." (IFPRI) "ਅੰਤਰ-ਰਾਸ਼ਟਰੀ ਭੋਜਨ ਨੀਤੀ ਖ਼ੋਜ ਸੰਸਥਾ", ਨਵੀਂ ਦਿੱਲੀ।
- "ਡਾ: ਟੀ.ਜੇ.ਰਸੂਲ", "ਏ.ਡੀ.ਜੀ." (ADG), "ਆਈ.ਸੀ.ਏ.ਆਰ." (ICAR), ਨਵੀਂ ਦਿੱਲੀ।
- "ਡਾ: ਐਮ.ਨਵਾਜ਼", "ਯੂਨੀਵਰਸਿਟੀ ਆਫ਼ ਵੈਟਨਰੀ ਸਾਇੰਸ ਲਾਹੌਰ, ਪਾਕਿਸਤਾਨ" ਦੇ "ਉਪ-ਕੁਲਪਤੀ"।
- "ਤਨਜ਼ਾਨੀਆ ਸਰਕਾਰ" ਦੇ "ਸਕੱਤਰ" ਦੀ ਅਗਵਾਈ ਹੇਠਾਂ "ਪ੍ਰਤਿਨਿੱਧ ਮੰਡਲ" ।
- "ਡਾ: ਆਰ.ਪੀ.ਸ਼ਰਮਾ", "ਪ੍ਰੋਜੈਕਟ ਡਾਇਰੈਕਟੋਰੇਟ ਆਨ ਪੋਲਟਰੀ", ਹੈਦਰਾਬਾਦ।
- "ਡਾ: ਜਸਵੰਤ ਸਿੰਘ", "ਪ੍ਰੋਫ਼ੈਸਰ ਯੂਨੀਵਰਸਿਟੀ ਆਫ਼ ਸੈਂਸਕੇਚੁਅਨ"।

"ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕੜੀਆਂ"

- "ਐਨੀਮਲ ਰੀਪ੍ਰੋਡਕਸ਼ਨ, ਗਾਇਨੀਕੌਲੋਜੀ ਐਂਡ ਓਬਸਟੈਟ੍ਰਿਕਸ ਵਿਭਾਗ" ਨੂੰ, ਵਿਕਾਸਸ਼ੀਲ ਦੇਸ਼ਾਂ ਤੋਂ ਹਿੱਸਾ ਲੈਣ ਆਏ ਸਹਿਭਾਗੀਆਂ ਨੂੰ "ਸਿਖਲਾਈ" ਦੇਣ ਲਈ "ਐੱਫ.ਏ.ਓ." (FAO)/ "ਆਈ.ਏ.ਈ.ਏ." (IAEA) ਦੁਆਰਾ ਇਕ "ਸਿਖਲਾਈ ਲਈ ਕੇਂਦਰ" ਵਜੋਂ ਮਾਨਤਾ ਦਿੱਤੀ ਜਾ ਚੁੱਕੀ ਹੈ। ਇਹ ਵਿਭਾਗ "ਬੀ.ਏ.ਆਰ.ਸੀ."(BARC) ਦੇ ਰਾਹੀਂ "ਆਈ.ਏ.ਈ.ਏ." (IAEA) ਦੇ ਸਹਿਯੋਗ ਲਈ ਇਕ "ਖ਼ੇਤਰੀ ਕੇਂਦਰ" ਹੈ।
- "ਕਲੀਨਿਕਲ ਵੈਟਨਰੀ ਮੈਡੀਸਨ, ਇੱਥਿਕਸ ਐਂਡ ਜਿਯੂਰਿਸਪਰੂਡੈਂਸ ਵਿਭਾਗ", "ਡੀ. ਲਾਵਲ ਅੰਤਰ-ਰਾਸ਼ਟਰੀ" ਸਵੀਡਨ ਦੀ ਮਾਲੀ ਸਹਾਇਤਾ ਦੁਆਰਾ "ਮੱਝਾਂ ਵਿਚ ਲੇਵੇ ਦੀ ਸਿਹਤ ਅਤੇ ਦੁੱਧ" ਵਾਲ਼ੇ ਇਕ ਖ਼ੋਜ ਪ੍ਰਾਜੈਕਟ ਤੇ "ਯੂਨੀਵਰਸਿਟੀ ਆਫ਼ ਵੈਟਨਰੀ ਮੈਡੀਸਨ , ਹੈਨਓਵਰ", ਜਰਮਨੀ ਤੋਂ ਪ੍ਰੋਫ਼ੈਸਰ "ਜੇ. ਹਮਨ" ਨਾਲ਼ ਸਹਿਯੋਗ ਕਰ ਰਿਹਾ ਹੈ।
- "ਵੈਟਨਰੀ ਸੂਖਮ ਜੀਵੀ-ਵਿਗਿਆਨ ("ਮਾਇਕ੍ਰੋਬਾਇਓਲੋਜੀ") ਵਿਭਾਗ", "ਆਈ.ਸੀ.ਏ.ਆਰ." (ICAR) ਦੀ ਸਰਪਰਸਤੀ ਵਾਲ਼ੇ "ਗਲ਼-ਘੋਟੂ ਦੀ ਬਿਮਾਰੀ ਤੇ ਇਕ ਸਰਵ-ਭਾਰਤੀ ਨੈਟਵਰਕ ਪ੍ਰੋਗਰਾਮ" ਦਾ ਇਕ "ਸਹਿਯੋਗੀ ਕੇਂਦਰ" ਚਲਿਆ ਆ ਰਿਹਾ ਹੈ।
- "ਵੈਟਨਰੀ ਸਰਜਰੀ ਐਂਡ ਰੇਡੀਓਲੋਜੀ ਵਿਭਾਗ" ਅਤੇ "ਐਨੀਮਲ ਰੀਪ੍ਰੋਡਕਸ਼ਨ, ਗਾਇਨੀਕੌਲੋਜੀ ਐਂਡ ਓਬਸਟੈਟ੍ਰਿਕਸ ਵਿਭਾਗ", ਰਾਜਾਂ ਦੀਆਂ "ਖੇਤੀਬਾੜੀ ਯੂਨੀਵਰਸਿਟੀਆਂ"/"ਆਈ.ਸੀ.ਏ.ਆਰ.(ICAR) ਸੰਸਥਾਵਾਂ ਤੋਂ ਆਈ ਫ਼ੈਕਲਟੀ ਨੂੰ ਉੱਚ ਸਿਖਲਾਈ ਦੇਣ ਲਈ "ਉੱਚ ਸਿੱਖਿਆ ਲਈ ਆਈ.ਸੀ.ਏ.ਆਰ. (ICAR) ਦਾ ਕੇਂਦਰ" ਬਣੀ ਚੱਲੇ ਆ ਰਹੇ ਹਨ।

>wg!

ਪਸ਼ੂਆਂ ਦੀਆਂ ਭਿੰਨ -ਭਿੰਨ ਪ੍ਰਜਾਤੀਆਂ, ਮੁਰਗੀਆਂ ਅਤੇ ਮੱਛੀਆਂ ਦੇ "ਉਤਪਾਦਨ" ਅਤੇ "ਸਿਹਤ" ਦੇ ਵੱਖੋ-ਵੱਖਰੇ ਪਹਿਲੂਆਂ ਤੇ ਲੋੜ-ਆਧਾਰਿਤ ਖ਼ੋਜ ਨੂੰ ਹੱਥ ਵਿਚ ਲੈਣਾ ਇਸ ਯੂਨੀਵਰਸਿਟੀ ਦੇ ਅਧਿਆਦੇਸ਼ ਦਾ ਇਕ ਪੂਰਕ ਹਿੱਸਾ ਹੈ। ਸਾਲ 2008 ਦੌਰਾਨ ਕੁਲ 26 ਨਵੇਂ ਪ੍ਰੋਜੈਕਟਾਂ ਦੇ ਪ੍ਰਸਤਾਵ, ਵੱਖੋ-ਵੱਖਰੀ ਮਾਲੀ ਸਹਾਇਤਾ ਦੇਣ ਵਾਲ਼ੀਆਂ ਏਜੰਸੀਆਂ ਨੂੰ ਪੇਸ਼ ਕੀਤੇ ਗਏ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ: "ਬਾਇਓਟੈਕਨਾਲੋਜੀ ਵਿਭਾਗ" (9), "ਵਿਗਿਆਨ ਅਤੇ ਤਕਨਾਲੋਜੀ ਵਿਭਾਗ" (4), "ਭਾਰਤੀਆ ਖੇਤੀਬਾੜੀ ਖੋਜ ਪਰਿਸ਼ਦ" (ICAR) (3), "ਪੰਜਾਬ ਸਰਕਾਰ" (3), "ਸੀ.ਆਈ.ਪੀ.ਐੱਚ.ਈ.ਟੀ." ("ਸਿਫ਼ੇਟ", CIPHET) (2), "ਟਾਟਾ ਮੀਮੋਰਿਅਲ ਫ਼ਾਉਂਨਡੇਸ਼ਨ ਟ੍ਰਸਟ" (1), "ਵਾਲਥਾਮ ਫਾਉਂਨਡੇਸ਼ਨ ਰਿਸਰਚ ਗ੍ਰਾਂਟਸ" (1), "ਸੀ.ਐੱਸ.ਆਈ.ਆਰ." (CSIR) (1) "ਭਾਰਤੀਆ ਮੈਡੀਕਲ ਖ਼ੋਜ ਪਰਿਸ਼ਦ" (ICMR) (1) ਅਤੇ "ਵਾਤਾਵਰਣ ਅਤੇ ਵਨ ਮੰਤਰਾਲਿਆ" (1)।

ਸਾਲ 2008 ਦੌਰਾਨ, ਕੁਲ 80 "ਖੋਜ ਯੋਜਨਾਵਾਂ" ਅਮਲ ਵਿਚ ਸਨ, ਜਿਨ੍ਹਾਂ ਦਾ ਵੇਰਵਾ ਹੇਠ ਅਨੁਸਾਰ ਹੈ:

"ਨਾਨ-ਪਲਾਨ ਸਕੀਮਾਂ"	39
"ਪਲਾਨ ਸਕੀਮਾਂ"	7
"ਆਈ.ਸੀ.ਏ.ਆਰ (ICAR) ਐਡਹਾਕ ਸਕੀਮਾਂ"	9
"ਆਈ.ਸੀ.ਏ.ਆਰ (ICAR) ਕੋਆਰਡੀਨੇਟਿਡ ਸਕੀਮਾਂ"	7
"ਕੇਂਦਰ ਵੱਲੋਂ ਸਰਪ੍ਰਸਤ ਸਕੀਮਾਂ"	1
"ਰਿਵਾਲਵਿੰਗ- ਫੰਡ ਸਕੀਮਾਂ"	3
"ਫੁਟਕਲ ਸਕੀਮਾਂ"	14
"ਕੁਲ ਸਕੀਮਾਂ"	**80**

[g b [i9 I D

"ਵੈਟਨਰੀ ਕਾਲਜ"

1. ਐਨੀਮਲ ਬਰੀਡਿੰਗ ਅਤੇ ਜੈਨਿਟਿੱਕਸ ਵਿਭਾਗ

ਗਊਆਂ ਦਾ ਨਸਲੀਕਰਣ (ਕੈਟਲ-ਬਰੀਡਿੰਗ)

"ਗਡਵਾਸੂ" ਦੇ ਡੇਅਰੀ ਫਾਰਮ ਤੇ ਰੱਖੀਆਂ ਹੋਈਆਂ ਗਊਆਂ ਦੇ ਉਤਪੱਤੀ ਸੰਬੰਧੀ (ਜੈਨੇਟਿੱਕ) ਸੁਧਾਰ ਲਈ "ਕਰਾਸ ਬਰੀਡਿੰਗ (ਦੋਗਲਾ ਨਸਲੀਕਰਣ) ਪ੍ਰਾਜੈਕਟ", ਸਾਰੇ ਦੁੱਧ ਉਤਦਾਪਨ ਗੁਣਾਂ ਵਿਚ ਤਰੱਕੀ ਦਾ ਰੁਝਾਨ ਲਗਾਤਾਰ ਪ੍ਰਗਟ ਕਰੀ ਜਾ ਰਿਹਾ ਹੈ। "ਤਿੰਨ ਸੌ ਪੰਜ (305) -ਦਿਨਾਂ ਦੀ ਔਸਤ ਦੁੱਧ ਦੀ ਪੈਦਾਵਾਰ" ਅਤੇ "ਸਿਖਰ ਦੀ ਪੈਦਾਵਾਰ" ਕ੍ਰਮ ਅਨੁਸਾਰ 4,988 ਕਿਲੋਗ੍ਰਾਮ ਅਤੇ 25.4 ਕਿਲੋਗ੍ਰਾਮ (14.9 ਕਿਲੋਗ੍ਰਾਮ ਨਮੀ ਔਸਤ ਨਾਲ) ਦਰਜ ਕੀਤੀ ਗਈ ਜੋ ਕਿ ਇਸ ਪ੍ਰਾਜੈਕਟ ਦੀ ਹੋਂਦ ਤੋਂ ਲੈ ਕੇ ਹੁਣ ਤਕ ਸਭ ਤੋਂ ਵੱਧ ਹੈ। ਭਵਿੱਖ ਵਿਚ ਵਰਤੇ ਜਾਣ ਵਾਲੇ "ਦੋਗਲੀ ਨਸਲ (ਕਰਾਸ ਬ੍ਰੈਡ)" ਦੇ ਸਾਨ੍ਹਾਂ ਦੀ ਉਤਪੱਤੀ ਲਈ ਵਰਤੀ ਜਾਣ ਵਾਲ਼ੀ "ਚੋਣਵੀਂ ਡਾਰ" ਦੀ "ਔਸਤ ਦੁੱਧ ਦੀ ਪੈਦਾਵਾਰ", 5,631 ਕਿਲੋਗ੍ਰਾਮ ਅਤੇ ਸਿਖਰ ਪੈਦਾਵਾਰ 28.4 ਕਿਲੋਗ੍ਰਾਮ ਸੀ। ਇਸ ਡਾਰ ਵਿਚ ਦਰਜ ਕੀਤੀ ਗਈ ਸਭ ਤੋਂ ਵੱਧ "305-ਦਿਨਾਂ ਦੀ ਦੁੱਧ ਦੀ ਪੈਦਾਵਾਰ", 7,242 ਕਿਲੋਗ੍ਰਾਮ ਅਤੇ "ਸਿਖਰ ਪੈਦਾਵਾਰ", 41.5 ਕਿਲੋਗ੍ਰਾਮ ਸੀ। ਰਾਜ ਦੀਆਂ ਗਊਆਂ ਦੀ ਆਬਾਦੀ ਦੇ ਉੱਤਪੱਤੀ ਸੰਬੰਧੀ (ਜੈਨੇਟਿੱਕ) ਸੁਧਾਰ ਲਈ, ਕਿਸਾਨਾਂ ਅਤੇ ਰਾਜ ਦੀਆਂ ਦੂਸਰੀਆਂ ਡੇਅਰੀ ਵਿਕਾਸ ਏਜੰਸੀਆਂ ਨੂੰ ਛੇ (6) ਸਾਨ੍ਹ, ਜੰਮੇ ਹੋਏ (ਫ੍ਰੋਜ਼ਨ) ਵੀਰਜ ਦੀਆਂ 12,754 ਮਾਤਰਾਵਾਂ (ਡੋਜ਼ਿਜ਼) ਅਤੇ ਬਹੁਤ ਜ਼ਿਆਦਾ ਜੰਮੇ ਹੋਏ (ਚਿੱਲਡ) ਵੀਰਜ ਦੀਆਂ 4,159 ਮਾਤਰਾਵਾਂ (ਡੋਜ਼ਿਜ਼) ਪ੍ਰਦਾਨ ਕੀਤੀਆਂ ਗਈਆਂ।

ਮੱਝਾਂ ਦਾ ਨਸਲੀਕਰਣ (ਬੱਫੈਲੋ-ਬਰੀਡਿੰਗ)

ਮੱਝਾਂ ਦਾ ਉੱਤਪਤੀ ਸੰਬੰਧੀ (ਜੈਨੇਟਿੱਕ) ਸੁਧਾਰ, ਝੋਟਿਆਂ ਦੀ ਸੰਤਾਨ ਦੀ ਪਰਖ (ਪ੍ਰੋਜਨੀ ਟੈਸਟਿੰਗ) ਰਾਹੀਂ ਕੀਤਾ ਜਾ ਰਿਹਾ ਹੈ। "ਮੱਝਾਂ ਦੇ ਨਸਲੀਕਰਣ ਤੇ ਸਰਵ-ਭਾਰਤੀ ਕੋਆਰਡੀਨੇਟਿਡ ਖੋਜ ਪ੍ਰਾਜੈਕਟ", 1971 ਤੋਂ ਚਲ ਰਿਹਾ ਹੈ। ਮੱਝਾਂ ਦੀ "ਆਮ ਡਾਰ" ਦੀ "ਸੂਏ ਦੀ ਔਸਤ ਪੈਦਾਵਾਰ", 2316 ਕਿਲੋਗ੍ਰਾਮ; "305-ਦਿਨਾਂ ਦੀ ਦੁੱਧ ਦੀ ਪੈਦਾਵਾਰ, 2094 ਕਿਲੋਗ੍ਰਾਮ ਅਤੇ "ਔਸਤ ਸਿਖਰ ਪੈਦਾਵਾਰ", 11.7 ਕਿਲੋਗ੍ਰਾਮ ਸੀ। "ਚੋਣਵੀਂ ਡਾਰ" ਜੋ ਕਿ ਭਵਿੱਖ ਵਿਚ ਪਸ਼ੂਆਂ ਦੇ ਜਵਾਨ ਪਿਤਾ ਦੀ ਉੱਤਪੱਤੀ ਲਈ ਵਰਤੀ ਜਾ ਰਹੀ ਹੈ, ਦੀ "ਸੂਏ ਦੀ ਔਸਤ ਪੈਦਾਵਾਰ", "305-ਦਿਨਾਂ ਦੀ ਦੁੱਧ ਦੀ ਪੈਦਾਵਾਰ" ਅਤੇ "ਔਸਤ ਸਿਖਰ ਪੈਦਾਵਾਰ" ਕ੍ਰਮ ਅਨੁਸਾਰ 3,210 ਕਿਲੋਗ੍ਰਾਮ, 2,669 ਕਿਲੋਗ੍ਰਾਮ ਅਤੇ 13.4 ਕਿਲੋਗ੍ਰਾਮ ਸੀ। ਇਸ ਡਾਰ ਦੀ ਸਭ ਤੋਂ ਵੱਧ 305-ਦਿਨਾਂ ਦੀ ਦੁੱਧ ਦੀ ਪੈਦਾਵਾਰ, 3,230 ਕਿਲੋਗ੍ਰਾਮ ਅਤੇ "ਸਿਖਰ ਪੈਦਾਵਾਰ", 19.6 ਕਿਲੋਗ੍ਰਾਮ ਦਰਜ ਕੀਤੀ ਗਈ। ਮੱਝਾਂ ਦੀ ਆਬਾਦੀ ਦੇ ਸੁਧਾਰ ਲਈ, ਕਿਸਾਨਾਂ ਅਤੇ ਡੇਅਰੀ ਵਿਕਾਸ ਏਜੰਸੀਆਂ ਨੂੰ ਜੰਮੇ ਹੋਏ (ਫ੍ਰੋਜ਼ਨ) ਵੀਰਜ ਦੀਆਂ 39,363 ਮਾਤਰਾਵਾਂ (ਡੋਜ਼ਿਜ਼), ਬਹੁਤ ਜ਼ਿਆਦਾ ਜੰਮੇ ਹੋਏ (ਚਿੱਲਡ) ਵੀਰਜ ਦੀਆਂ 1,455 ਮਾਤਰਾਵਾਂ (ਡੋਜ਼ਿਜ) ਅਤੇ ਛੱਬੀ (26) ਝੋਟੇ ਜਾਂ ਕੱਟੇ ਪ੍ਰਦਾਨ ਕੀਤੇ ਗਏ। ਪਰਖ਼ ਵਾਲ਼ੇ ਝੋਟਿਆਂ ਦਾ ਵੀਰਜ "ਆਈ.ਸੀ.ਏ.ਆਰ." (ICAR) ਪ੍ਰਾਜੈਕਟ ਅਧੀਨ ਅਪਣਾਏ ਹੋਏ ਲੁਧਿਆਣੇ ਦੇ ਆਲ਼ੇ-ਦੁਆਲ਼ੇ ਦੇ ਖ਼ੇਤਰੀ ਇਲਾਕਿਆਂ ਨੂੰ ਵੀ ਪ੍ਰਦਾਨ ਕੀਤਾ ਗਿਆ ਅਤੇ ਭਵਿੱਖ ਵਿਚ ਦੁੱਧ ਦੀ ਪੈਦਾਵਾਰ ਦਰਜ ਕਰਨ ਲਈ, "ਮਾਦਾ ਸੰਤਾਨਾਂ" ਦੇ ਕੰਨਾਂ ਵਿਚ ਮੁਰਕੀਆਂ ਲਾਈਆਂ ਗਈਆਂ।

ਫ਼ੀਲਡ ਪ੍ਰੋਜਨੀ ਟੈਸਟਿੰਗ (ਖ਼ੇਤਰੀ ਸੰਤਾਨ ਪਰਖ) ਪ੍ਰੋਗਰਾਮ

"ਫ਼ੀਲਡ ਪ੍ਰੋਜਨੀ ਟੈਸਟਿੰਗ ਪ੍ਰਾਜੈਕਟ" , "ਗਡਵਾਸੂ", "ਕੇਰਲ ਖੇਤੀਬਾੜੀ ਯੂਨੀਵਰਸਿਟੀ, ਮਾਨੁੱਥੀ" ਅਤੇ "ਭਾਰਤੀਆ ਐਗਰੋ-ਇੰਡਸਟ੍ਰੀਜ਼ ਫ਼ਾਉਂਨਡੇਸ਼ਨ, ਪੂਨੇ" ਵਿਖੇ ਮੌਜੂਦ ਸਹਿਯੋਗੀ ਇਕਾਈਆਂ ਦਾ ਆਈ.ਸੀ.ਏ.ਆਰ. (ICAR) ਦਾ ਇਕ "ਨੇਟਵਰਕ ਪ੍ਰੋਗਰਾਮ" ਹੈ। ਇਸ ਦੀ ਕਾਰਗੁਜਾਰੀ ਦਾ ਖੇਤਰ ਲੁਧਿਆਣਾ ਜ਼ਿਲ੍ਹੇ ਦੇ ਇੱਕੀ (21) "ਗ਼ੈਰ-ਕੁਦਰਤੀ ਢੰਗ ਨਾਲ਼ ਗਰਭ ਧਾਰਨ ਕਰਾਉਣ ਦੇ ਕੇਂਦਰਾਂ" ਦੁਆਰਾ ਪੂਰਿਆ ਜਾ ਰਿਹਾ ਹੈ। ਇਸ ਸਾਲ ਦੌਰਾਨ, ਖੇਤਰੀ ਇਲਾਕਿਆਂ ਵਿਚ ਕੁਲ 5,611 ਗ਼ੈਰ-ਕੁਦਰਤੀ ਢੰਗ ਨਾਲ਼ ਗਰਭ ਧਾਰਨ ਕਰਾਏ ਗਏ।

ਭਰੂਣ ਤਬਦੀਲ ਤਕਨਾਲੋਜੀ (ਈ.ਟੀ.ਟੀ) ਪ੍ਰਾਜੈਕਟ

ਇਸ ਰਿਪੋਰਟ ਅਧੀਨ ਦੇ ਕਾਰਜ-ਕਾਲ ਦੌਰਾਨ, ਢਿੰਬ ਗ੍ਰੰਥੀ ਦੇ ਆਂਡੇ (ਫ਼ੌਲੀਕਲ) ਨੂੰ ਉਤੇਜਿਤ ਕਰਨ ਵਾਲ਼ਾ ਖ਼ਾਲਿਸ ਹਾਰਮੋਨ (ਉਤੇਜਕ ਰਸ) (ਫ਼ੌਲਟ੍ਰੋਪਿਨ ਵੀ ਬ੍ਰਾਂਡ ਵਾਲਾ ਐੱਫ਼.ਐੱਸ.ਐੱਚ (FSH), 400 ਮਿਲੀਗ੍ਰਾਮ, ਵੈਟਰੀਫ਼ਾਰਮ, ਕਨੇਡਾ) ਚਾਰ ਦਿਨਾਂ ਦੀ ਅਉਧੀ ਦੌਰਾਨ, ਵੰਡੀ ਹੋਈ ਮਾਤਰਾ ਵਿਚ ਦੇ ਕੇ, ਜਾਂ ਗੱਭਣ ਘੋੜੀ ਦੇ ਲਹੂ ਦੇ ਰਸ (ਸੀਰਮ) ਵਿਚਲੇ ਗੋਨੈਡੋਟ੍ਰੋਫ਼ਿਨ (ਪੀ.ਐਮ.ਐੱਸ.ਜੀ.) ਦਾ 2500 ਆਈ.ਯੂ. (I.U.) ਦਾ ਇਕੱਲਾ ਟੀਕਾ ਲਗਾ ਕੇ, ਕੁਲ ਸੱਤ (7) ਵਧੀਆ ਦੋਗਲੀ ਨਸਲ ਵਾਲ਼ੀਆਂ ਗਊਆਂ (5 "ਗਡਵਾਸੂ" ਡੇਅਰੀ ਫਾਰਮ ਤੇ ਅਤੇ 2 ਖ਼ੇਤਰੀ ਇਲਾਕੇ ਵਿਚ, ਜਿਨ੍ਹਾਂ ਦੀ ਦੁੱਧ ਦੀ ਪੈਦਾਵਾਰ 5,000 ਲੀਟਰ ਪ੍ਰਤਿ ਸੂਏ ਤੋਂ ਵੱਧ ਸੀ) ਦੀਆਂ ਢਿੰਬ-ਗ੍ਰੰਥੀਆਂ ਦੇ ਆਂਡਿਆਂ ਦੀ ਉਤਪੱਤੀ ਵਧਾਈ ਗਈ। ਇਨ੍ਹਾਂ ਪਸ਼ੂਆਂ ਨੂੰ ਵਧੀਆ ਸਾਨ੍ਹਾਂ ਦੇ ਚੰਗੀ ਕਿਸਮ ਦੇ ਵੀਰਜ ਨਾਲ਼, ਹੇਹਾ ਸ਼ੁਰੂ ਹੋਣ ਦੇ ਬਾਰ੍ਹਾਂ (12) ਘੰਟਿਆਂ ਬਾਅਦ ਗਰਭ ਧਾਰਨ (ਵੀਰਜ ਸੇਂਚਨ) ਕਰਵਾਇਆ ਗਿਆ ਅਤੇ ਜੇਕਰ ਪਸ਼ੂ ਖੜੀ ਹਾਲਤ ਦਾ ਹੇਹਾ ਵਿਖਾਉਂਦਾ ਰਿਹਾ ਤਾਂ 12 ਘੰਟਿਆਂ ਦੇ ਵਕਫ਼ੇ ਬਾਅਦ ਉਸ ਨੂੰ ਦੁਬਾਰਾ ਵੀਰਜ ਸੇਂਚਨ ਕਰਵਾਇਆ ਗਿਆ। ਸੱਤਵੇਂ (7th) ਦਿਨ ਦਾਨੀ ਪਸ਼ੂ ਦੀ ਬੱਚੇਦਾਨੀ ਤੋਂ ਬਿਨਾ ਚੀਰਫਾੜ ਕਰੇ "ਟੂ-ਵੇ ਜਰਕਨ ਰੁੱਸ਼ ਕੈਥੇਟਰ" ਦੁਆਰਾ ਜੋਰ ਦੀ ਧਾਰ ਮਾਰ ਕੇ ਸਫ਼ਾਈ ਕਰਨ ਵਾਲ਼ੇ ਤਰਲ ਨੂੰ ਇਸਤੇਮਾਲ ਕਰਕੇ, ਭਰੂਣਾਂ ਨੂੰ ਇਕੱਠਾ ਕੀਤਾ ਗਿਆ।

ਡਿੰਬ-ਗ੍ਰੰਥੀਆਂ ਦੇ ਆਂਡਿਆਂ ਦੀ ਉਤਪੱਤੀ ਵਿਚ ਵਾਧਾ ਕੀਤੀਆਂ ਗਈਆਂ 7 ਵਧੀਆ ਗਊਆਂ ਵਿਚੋਂ, 100 ਪ੍ਰਤਿਸ਼ਤ ਨੇ ਆਂਡਿਆਂ ਦੀ ਉਤਪੱਤੀ ਵਿਚ ਵਾਧਾ ਕਰਨ ਦੀ ਕਾਰਵਾਈ ਤੇ ਪ੍ਰਤਿਕ੍ਰਿਆ ਵਿਖਾਈ। ਦਾਨੀ ਗਊਆਂ ਦੀਆਂ ਡਿੰਬ-ਗ੍ਰੰਥੀਆਂ ਤੇ ਔਸਤਨ 12.29 ਸੀ.ਐੱਲਸ.ਬਣੀਆਂ, ਜਿਨ੍ਹਾਂ ਦੀ ਪਛਾਣ ਗੁਦਾ ਰਾਹੀਂ ਛੂਹ ਕੇ ਕੀਤੀ ਗਈ। ਕੁਲ ਅਠਾਈ (28) ਭਰੂਣਾਂ ਦੀ ਪ੍ਰਾਪਤੀ ਨਾਲ਼ ਭਰੂਣ ਉਪਲਭਧੀ ਦਰ 4.57 ਪ੍ਰਤਿ ਦਾਨੀ ਗਊ ਹਾਸਿਲ ਕੀਤੀ ਗਈ। ਫਿਰ ਵੀ ਔਸਤਨ 2.43 ਤਬਦੀਲ-ਯੋਗ ਭਰੂਣ ਹਰੇਕ ਦਾਨੀ ਗਊ ਤੋਂ ਪ੍ਰਾਪਤ ਕੀਤੇ ਗਏ। ਲਗਭਗ 60.7 ਪ੍ਰਤਿਸ਼ਤ ਪ੍ਰਾਪਤ ਕੀਤੇ ਗਏ ਭਰੂਣ, ਤਬਦੀਲ-ਯੋਗ ਸਨ। ਕੁਲ ਨੌਂ (9) (6 "ਗਡਵਾਸੂ" ਦੇ ਡੇਅਰੀ ਫ਼ਾਰਮ ਤੇ ਅਤੇ 3 ਖ਼ੇਤਰੀ ਇਲਾਕੇ ਵਿਚ) ਬਿਨਾਂ ਚੀਰ ਫਾੜ ਕੀਤੇ ਭਰੂਣ ਤਬਦੀਲੀਆਂ ਦਾ ਜਤਨ ਕੀਤਾ ਗਿਆ। ਤਬਦੀਲੀ ਦੇ 60 ਦਿਨਾਂ ਦੀ ਮਿਆਦ ਤੋਂ ਬਾਅਦ, ਗੁਦਾ ਰਾਹੀਂ ਛੂਹ ਕੇ ਨੌਂ (9) ਪ੍ਰਾਪਤ ਕਰਨ ਵਾਲ਼ੀਆਂ ਗਊਆਂ ਵਿਚੋਂ, ਚਾਰ (4) ਨੇ 44 ਪ੍ਰਤਿਸ਼ਤ ਦੀ ਗਰਭ ਧਾਰਨ ਦਰ ਦੇ ਨਾਲ਼ ਗਰਭ ਜਾਹਿਰ ਕੀਤਾ, ਜਿਨ੍ਹਾ ਵਿਚੋਂ 3 ਠੀਕ-ਠਾਕ ਵੱਛਿਆਂ ਨੇ "ਗਡਵਾਸੂ" (ਲੁਧਿਆਣਾ) ਦੇ ਡੇਅਰੀ ਫ਼ਾਰਮ ਤੇ ਜਨਮ ਲਿਆ।

ਬਰਾਓਲਰ ਬਰੀਡਿੰਗ (ਮਾਸ ਵਾਲ਼ੀ ਮੁਰਗੀਆਂ ਦਾ ਨਸਲੀਕਰਨ)

"ਗਡਵਾਸੂ" ਵਿਖੇ ਵਿਕਸਿਤ ਵਪਾਰਿਕ ਬਰਾਓਲਰ (ਆਈ ਬੀ ਐੱਲ-80, IBL-80) ਵਿਚ 1.7-1.8 ਦੇ "ਆਹਾਰ ਨੂੰ ਮਾਸ ਵਿਚ ਬਦਲਣ ਦੇ ਅਨੁਪਾਤ" ਨਾਲ਼, 6 ਹਫ਼ਤਿਆਂ ਦੀ ਉਮਰ ਤੇ 1,550-1,600 ਗ੍ਰਾਮ ਦੇ ਔਸਤ ਸ਼ਰੀਰਿਕ ਭਾਰ ਤਕ ਪਹੁੰਚਣ ਦੀ ਸਮਰਥਾ ਹੈ। ਆਈ ਬੀ ਐੱਲ-80 (IBL-80) ਬਰਾਓਲਰ ਨਸਲ, ਜੋ ਕਿ ਰਾਸ਼ਟਰੀ ਪੱਧਰ ਤੇ ਜਾਰੀ ਕੀਤੀ ਜਾ ਚੁੱਕੀ ਹੈ, ਨੂੰ ਜਨ ਸਾਧਾਰਨ ਖੇਤਰ ਵਿਚ ਵਿਕਸਿਤ ਕੀਤੀ ਗਈ ਨਸਲਾਂ ਵਿਚੋਂ ਚੋਟੀ ਦਾ ਸਥਾਨ ਹਾਸਿਲ ਹੈ।

ਇਸ ਦੇ ਖੰਭ ਰੰਗਦਾਰ ਹੋਣ ਕਾਰਨ ਇਹ ਸਥਾਨਿਕ ਬਾਜਾਰ ਵਿਚ ਵਧੇਰੇ ਮੁੱਲ ਉਤੇ ਵਿਕਦੀ ਹੈ ਅਤੇ ਵੰਨ-ਸੁਵੰਨੇ ਹਾਲਾਤਾਂ ਵਿਚ ਅਤੇ ਘੱਟ ਨਿਵੇਸ਼ਾਂ ਨਾਲ਼ ਵਧੀਆ ਪ੍ਰਦਰਸ਼ਨ ਕਰਦੀ ਹੈ। ਇਸ ਦੀ ਮ੍ਰਿਤੂ ਦਰ ਬਹੁਤ ਘੱਟ (2-3 ਪ੍ਰਤਿਸ਼ਤ) ਹੈ। ਇਸ ਨੇ ਰਾਸ਼ਟਰੀ ਪੱਧਰ ਤੇ ਵੱਖੋ-ਵੱਖਰੇ "ਰੈਂਡਮ ਸੈਂਪਲ ਟੈਸਟਾਂ" ਵਿਚ ਲਗਾਤਾਰ ਬਾਜ਼ੀ ਮਾਰੀ ਹੈ ਅਤੇ ਅੱਠ ਵਾਰੀ ਪਹਿਲੇ ਸਥਾਨ ਤੇ ਰਹੀ ਹੈ। ਆਈ ਬੀ ਐੱਲ-80 (IBL-80) ਦੀ ਖ਼ੰਭ ਲਾਹ ਕੇ ਸਾਫ਼ ਕੀਤੇ ਮਾਸ ਦੀ ਪ੍ਰਤਿਸ਼ਤ 76 -77 ਹੈ। ਇਹ ਬਰਾਓਲਰ ਨਸਲ, ਰਾਜ ਦੇ ਛੋਟੇ ਅਤੇ ਮਾਮੂਲੀ ਕਿਸਾਨਾਂ ਨੂੰ ਸਭ ਤੋਂ ਵੱਧ ਰਾਸ ਆਉਂਦੀ ਹੈ। ਮੂਲ ਨਸਲ ("ਪੇਰੰਟ ਸਟਾਕ") ਅਤੇ ਵਪਾਰਿਕ ਦੋਗਲੇ (ਕਰਾਸ) ਆਈ ਬੀ ਐੱਲ-80 ਚੂਚੇ, ਰਾਜਾਂ ਦੇ ਪਸ਼ੂ ਪਾਲਨ ਵਿਭਾਗਾਂ ਅਤੇ ਦੂਸਰੀ ਯੂਨੀਵਰਸਿਟੀਆਂ/ਵਿਭਾਗਾਂ ਨੂੰ ਮੁਹੱਈਆ ਕਰਾਏ ਜਾਂਦੇ ਹਨ ਅਤੇ ਇਹਨਾਂ ਨੂੰ "ਯੂਨੀਵਰਸਿਟੀ ਹੇਚਰੀ" ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਆਂਡੇ ਵਾਲ਼ੀਆਂ ("ਲੇਅਰ") ਮੁਰਗੀਆਂ ਦਾ ਨਸਲੀਕਰਨ

"ਗਡਵਾਸੂ" ਵਿਖੇ "ਡੈਬਲਯੂ ਐੱਲ ਐੱਚ" (WLH) ਨਸਲ ਤੋਂ ਵਿਕਸਿਤ ਕੀਤੀ ਗਈ ਵਪਾਰਿਕ ਨਸਲ "ਸਤਲੁਜ ਲੇਅਰ" ਵਿਚ 57-58 ਗ੍ਰਾਮ ਦੇ ਔਸਤ ਆਂਡੇ ਦੇ ਭਾਰ ਨਾਲ਼, 280-290 ਆਂਡੇ ਦੇਣ ਦੀ ਆਨੁਵੰਸ਼ਿਕ (ਜੈਨੇਟਿੱਕ) ਸਮਰਥਾ ਹੈ। ਮ੍ਰਿਤੂ ਦਰ ਪ੍ਰਤਿ ਮਾਹ 1 ਪ੍ਰਤਿਸ਼ਤ ਤੋਂ ਵੀ ਘੱਟ ਹੈ। ਇਹ ਮੁਰਗੀ ਘੱਟ ਨਿਵੇਸ਼ ਕਰਕੇ ਛੋਟੇ ਕਿਸਾਨਾਂ ਵਿਚ ਲੋਕ-ਪ੍ਰਿਅ ਹੈ। ਇਕ-ਦਿਨ ਦੇ ਵਪਾਰਿਕ ਚੂਚੇ ਅਤੇ "ਪੇਰੰਟ ਸਟਾਕ" (ਮੂਲ ਨਸਲ) ਯੂਨੀਵਰਸਿਟੀ ਤੋਂ ਪਹਿਲਾਂ ਬੁਕਿੰਗ ਕਰਵਾ ਕੇ ਮੁਹੱਈਆ ਕਰਾਏ ਜਾਂਦੇ ਹਨ।

"ਰੋਡ ਆਇਲੈਂਡ ਰੈੱਡ" ("ਆਰ ਆਈ ਆਰ") ਨਸਲ ਦੀ ਮੁਰਗੀ

"ਰੋਡ ਆਇਲੈਂਡ ਰੈੱਡ" ਮੁਰਗੀਆਂ ਭੂਰੇ ਰੰਗ ਦੇ ਆਂਡੇ ਦਿੰਦੀਆਂ ਹਨ ਅਤੇ ਰਾਜ ਦੇ ਪੇਂਡੂ ਇਲਾਕਿਆਂ ਵਿਚ ਖ਼ਾਸ ਤੌਰ ਤੇ ਵਧੇਰੇ ਆਮਦਨ ਦਿੰਦੀਆਂ ਹਨ। ਇਹ 54-55 ਗ੍ਰਾਮ ਦੇ ਔਸਤ ਆਂਡੇ ਦੇ ਭਾਰ ਨਾਲ਼ ਇਕ ਸਾਲ ਵਿਚ 240-250 ਆਂਡੇ ਦੇਂਦੀ ਹੈ। ਇਹ ਛੋਟੇ/ਮਾਮੂਲੀ ਕਿਸਾਨਾਂ ਵਿਚ ਵਧੇਰੇ ਲੋਕ-ਪ੍ਰਿਅ ਹੈ ਕਿਉਂਕਿ ਭੂਰੇ ਆਂਡੇ ਵੱਧ ਮੁੱਲ ਤੇ ਵਿਕਦੇ ਹਨ। ਕਿਉਂਕਿ ਆਂਡੇ ਦੇਣ ਦੀ ਮਿਆਦ ਖ਼ਤਮ ਹੋਣ ਤੇ ਇਹ ਮੁਰਗੀਆਂ ਵੱਧ ਸ਼ਰੀਰਿਕ ਭਾਰ ਵਾਲੀਆਂ ਹੁੰਦੀਆਂ ਹਨ ਇਸ ਲਈ ਵ੍ਹਾਈਟ ਲੈੱਗਹਾਰਨ ਮਾਦਾ ਮੁਰਗੀਆਂ ਦੀ ਤੁਲਨਾ ਵਜੋਂ ਇਨ੍ਹਾਂ ਵਰਤੀ ਜਾ ਚੁੱਕੀਆਂ ਮੁਰਗੀਆਂ ਤੋਂ ਪ੍ਰਾਪਤ ਆਮਦਨ ਵੀ ਵਧੇਰੇ ਹੁੰਦੀ ਹੈ। ਆਰ ਆਈ ਆਰ (RIR) ਮੁਰਗੀਆਂ ਤੁਲਨਾਤਮਕ ਤੌਰ ਤੇ ਘੱਟ ਪ੍ਰਬੰਧਕੀ ਨਿਵੇਸ਼ਾਂ ਤੇ ਚੰਗਾ ਉਤਪਾਦਨ ਦੇਂਦੀਆਂ ਹਨ। ਬੱਚਾ ਦੇਣ ਯੋਗ ("ਫ਼ਰਟਾਇਲ")/ਹੈਚਿੰਗ ਆਂਡੇ, ਇਕ-ਦਿਨ ਦੇ ਚੂਚੇ ਅਤੇ "ਪੇਰੰਟ ਸਟਾਕ" (ਮੂਲ ਨਸਲ) ਉਪਲਬਧ ਹਨ ਅਤੇ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਬਟੇਰ ਦਾ ਨਸਲੀਕਰਨ

ਵਿਕਸਿਤ ਕੀਤੀ ਗਈ ਵਪਾਰਿਕ ਨਸਲ "ਪੰਜਾਬ ਸਫ਼ੈਦ ਬਟੇਰ" ਦੀ ਵਪਾਰਿਕ ਦੋਗਲੀ (ਕਰਾਸ) ਨਸਲ ਵਿਚ ਲਗਭਗ 225 ਗ੍ਰਾਮ, "ਔਸਤ 5-ਹਫਤਿਆਂ ਦਾ ਸ਼ਰੀਰਿਕ ਭਾਰ" ਹਾਸਲ ਕਰਨ ਦੀ ਸਮਰਥਾ ਹੈ। ਬਟੇਰ ਦੇ ਨਸਲੀਕਰਨ ਨੂੰ ਯੂਨੀਵਰਸਿਟੀ ਦੇ "ਮੁਰਗੀ ਫ਼ਾਰਮ" ਤੇ ਇਕ ਵੱਡੇ ਪੱਧਰ ਤੇ ਸ਼ੁਰੂ ਕੀਤਾ ਜਾ ਚੁੱਕਾ ਹੈ। ਬਟੇਰਾਂ ਦੀਆਂ ਤਿੰਨ ਨਸਲਾਂ "ਪੰਜਾਬ ਬਟੇਰ -1", "ਪੰਜਾਬ ਬਟੇਰ-2" ਅਤੇ "ਪੰਜਾਬ ਬਟੇਰ-3" ਵਿਕਸਿਤ ਕੀਤੀਆਂ ਜਾ ਚੁੱਕੀਆਂ ਹਨ। ਇਨ੍ਹਾਂ ਦਾ "ਔਸਤ 5-ਹਫਤਿਆਂ ਦਾ ਸ਼ਰੀਰਿਕ ਭਾਰ", 240 ਗ੍ਰਾਮ ਅਤੇ ਆਂਡੇ ਦਾ ਭਾਰ, ਲਗਭਗ 12 ਗ੍ਰਾਮ ਹੈ। ਇਨ੍ਹਾਂ ਦੇ ਆਂਡਿਆਂ ਨੂੰ ਅਚਾਰ ਬਣਾਉਣ ਲਈ ਵਿਆਪਕ ਤੌਰ ਤੇ ਵਰਤੋਂ ਵਿਚ ਲਿਆਉਂਦਾ ਜਾਂਦਾ ਹੈ। ਬਟੇਰ ਦਾ ਮਾਸ ਕੁਝ ਬਿਮਾਰੀਆਂ ਵਿਰੁੱਧ ਫ਼ਾਇਦੇਮੰਦ ਸਮਝਿਆ ਜਾਂਦਾ ਹੈ। ਇਸ ਦੇ ਮਾਸ ਵਿਚ "ਕਾਰਬੋਹਾਈਡ੍ਰੇਟਸ" ਅਤੇ "ਵਿਟਾਮਿਨ ਬੀ$_{12}$ (B_{12})" ਦੀ ਮਾਤਰਾ ਵੱਧ ਹੁੰਦੀ ਹੈ। ਬਟੇਰਾਂ ਵਿਚ, ਮੁਰਗੀਆਂ ਦੀਆਂ ਆਮ ਬਿਮਾਰੀਆਂ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਯੂਨੀਵਰਸਿਟੀ, ਬਟੇਰ ਦੇ ਆਂਡੇ, ਇਕ-ਦਿਨ ਦੇ ਚੂਚੇ ਅਤੇ 5-ਹਫਤਿਆਂ ਦਾ ਸਾਫ਼ ਕੀਤਾ ਮਾਸ/ਜਿਉਂਦੇ ਬਟੇਰ ਮੁਹੱਈਆ ਕਰਾਉਂਦੀ ਹੈ।

2. ਪਸ਼ੂ ਆਹਾਰ ਵਿਭਾਗ

ਪਸ਼ੂ-ਧਨ ਰਾਸ਼ਨ ਵਿਚ ਨਵੀਨ ਆਹਾਰ ਸ੍ਰੋਤਾਂ ਦੀ ਵਰਤੋਂ

ਪ੍ਰਯੋਗਸ਼ਾਲਾ ਵਿਚ ਗੈਸ ਉਤਪੱਤੀ ਤਕਨੀਕ ਰਾਹੀਂ ਅਨੁਮਾਨ ਲਗਾਉਣ ਤੇ "ਵਿਅਰਥ ਰੋਟੀ" ("ਵੇਸਟ ਬ੍ਰੈਡ") ਦੀ ਆਹਾਰ ਸੰਬੰਧੀ ਯੋਗਤਾ ਨੇ, "ਰਵਾਇਤੀ ਦਾਣੇਦਾਰ ਅਨਾਜ" ਜਿਵੇਂ ਕਿ ਮੱਕੀ ਅਤੇ ਕਣਕ ਦੀ ਤੁਲਨਾ ਵਜੋਂ, ਇਹ ਜਾਹਿਰ ਕੀਤਾ ਹੈ ਕਿ "ਕੁਲ ਗੈਸ ਉਤਪੱਤੀ" ਖੁਰਾਕੀ ਤੱਤਾਂ ਦੀ ਪਾਚਨ ਯੋਗਤਾ ਅਤੇ ਖ਼ੁਰਾਕ ਦੀ ਸ਼ਰੀਰ ਵਿਚ ਰਚਣ ਸੰਬੰਧੀ ਊਰਜਾ ("ਐਮ.ਈ.") ਦੀ ਉਪਲਬਧਤਾ, ਮੱਕੀ ਅਤੇ ਕਣਕ ਦੀ ਤੁਲਨਾ ਵਜੋਂ, "ਵਿਅਰਥ ਰੋਟੀ" ਤੋਂ ਵਧੇਰੇ (ਪੀ.< 0.05) ਸੀ। ਨਤੀਜਿਆਂ ਨੇ ਜਾਹਿਰ ਕੀਤਾ ਕਿ ਖੁਰਾਕੀ ਤੱਤਾਂ ਦੀ ਉਪਲਬਧਤਾ ਤੇ ਅਸਰ ਪਾਏ ਬਿਨਾਂ "ਸੰਘਣੇ ਮਿਸ਼ਰਣ" ("ਕਾਨਸਨਟ੍ਰੇਟ ਮਿਕੱਸਚਰ") ਵਿਚ, "ਰਵਾਇਤੀ ਦਾਣੇਦਾਰ ਅਨਾਜ" ਦੀ ਥਾਂ "ਵਿਅਰਥ ਰੋਟੀਆਂ" 100 ਫੀਸਦੀ ਤਕ ਵਰਤੋਂ ਵਿਚ ਲਿਆਂਦੀਆਂ ਜਾ ਸਕਦੀਆਂ ਹਨ। ਇਹ ਸਿੱਟਾ ਕੱਢਿਆਂ ਗਿਆ ਕਿ "ਵਿਅਰਥ ਰੋਟੀਆਂ" ਕਟਰੂਆਂ ਦੀ ਸਿਹਤ ਜਾਂ ਉਤਪਾਦਨ ਕ੍ਰਿਆ ਉੱਤੇ ਬਿਨਾ ਕੋਈ ਹਾਨੀਕਾਰਕ ਅਸਰ ਪਾਏ, ਨਾਈਟ੍ਰੋਜਨ ਦੇ ਆਧਾਰ ਤੇ 100 ਫ਼ੀ ਸਦੀ ਤਕ ਕਣਕ ਦੇ ਦਾਣਿਆਂ ਦੀ ਥਾਂ ਤੇ ਵਰਤੋਂ ਵਿਚ ਲਿਆਂਦੀਆਂ ਜਾ ਸਕਦੀਆਂ ਹਨ।

"ਵਿਅਰਥ ਰੋਟੀਆਂ" ਅਤੇ "ਚਿੱਥੇ-ਜਾਂ ਦਰਾੜੇ ਹੋਏ-ਟਮਾਟਰਾਂ" ਨਾਲ਼ ਬਣੀਆਂ ਹੋਈਆਂ "ਯੂਰੀਆ ਮੋਲੈਸਿੱਸ(ਸ਼ੀਰੇ ਤੋਂ ਬਣੀਆਂ) "ਬਹੁ-ਤੱਤਾਂ ਵਾਲੀ ਖ਼ੁਰਾਕੀ ਚੱਟਣ-ਵਾਲ਼ੀ ਇੱਟਾਂ" (ਯੂ ਐਮ ਐਮ ਬੀਜ਼, UMMBs) ਫ਼ਾਰਮੂਲੇ ਨਾਲ਼ ਤਿਆਰ ਕੀਤੀਆਂ ਗਈਆਂ ਅਤੇ ਇਹਨਾਂ ਇੱਟਾਂ ਦੀ ਤੁਲਨਾ, ਮੱਝਾਂ ਵਿਚ ਖ਼ੁਰਾਕੀ ਤੱਤਾਂ ਦੀ ਉਪਯੋਗਿਤਾ ਤੇ ਅਸਰ ਦੇ ਸੰਬੰਧ ਵਿਚ "ਚੱਟਣ-ਵਾਲ਼ੀ ਰਵਾਇਤੀ ਇੱਟਾਂ" (ਲਿੱਕ) ਨਾਲ਼ ਕੀਤੀ ਗਈ। ਇਕੋ ਜਿਹੀ "ਨਾਈਟ੍ਰੋਜਨ" ਅਤੇ ਇਕੋ ਜਿਹੀ "ਕੈਲੋਰੀ" (ਊਰਜਾ) ਵਾਲ਼ੇ ਬਲਾਕ, ਹੱਥ ਨਾਲ਼ ਚਲਾਉਣ ਵਾਲ਼ੀ "ਬਲਾਕ ਬਣਾਉਣ ਵਾਲ਼ੀ ਮਸ਼ੀਨ" ਵਿਚ ਤਿਆਰ ਕੀਤੇ ਗਏ। "ਚੱਟਣ-ਵਾਲ਼ੀ ਰਵਾਇਤੀ ਇੱਟ" ("ਯੂ ਐਮ ਐੱਲ") ਵਿਚ ਕਣਕ ਦੇ ਆਟੇ ਦੀ ਥਾਂ, "ਵਿਅਰਥ ਰੋਟੀਆਂ" ਅਤੇ "ਚਿੱਥੇ-ਜਾਂ ਦਰਾੜੇ ਹੋਏ-ਟਮਾਟਰਾਂ" ਸਣੇ "ਚਿਕਨਾਹਟ-ਯੁਕਤ ਸਰੋਂ ਦੀ ਖ਼ਲ਼ ("ਕੇਕ") ਨੂੰ ਵਰਤਿਆ ਗਿਆ। ਵੱਖੋ-ਵੱਖਰੀ "ਯੂ ਐਮ ਐੱਲਜ਼" ਦੀ "ਸੀ.ਪੀ." (CP) ਅਤੇ "ਈ.ਈ" (EE) ਮਾਤਰਾ ਬਰਾਬਰੀ ਯੋਗ ਸੀ। "ਵਿਅਰਥ ਰੋਟੀਆਂ" (ਡੈੱਬਲਯੂ ਬੀ, WB) ਅਤੇ "ਚਿੱਥੇ-ਜਾਂ ਦਰਾੜੇ ਹੋਏ ਟਮਾਟਰਾਂ" (ਟੀ ਪੀ, TP) ਦੇ ਮੇਲ

(ਡੈੱਬਲਯੂ ਬੀ ਟੀ ਪੀ, WBTP) ਦੇ ਨਤੀਜੇ ਵਜੋਂ ਵਾਸ਼ਪੀ ਭਾਫ਼ (ਬੁਖ਼ਾਰਾਤ) ਬਣ ਕੇ ਉੱਡ ਜਾਣ ਵਾਲੇ ਫ਼ੈਟੀ ਐਸਿੱਡਜ਼ (ਵੀ ਐੱਫ਼ ਏਜ਼, VFAs) ਦਾ ਉਤਪਾਦਨ ਅਤੇ "ਐਮ.ਈ." (ME) ਦੀ ਉਪਲਬਧਤਾ ਵਧੇਰੇ ਹੋਈ। ਇਹ ਸਿੱਟਾ ਕੱਢਿਆ ਗਿਆ ਕਿ ਡੈੱਬਲਯੂ ਬੀ (WB) ਅਤੇ ਟੀ ਪੀ (TP) ਸੁਆਦ, ਖ਼ੁਰਾਕੀ ਤੱਤਾਂ ਦੀ ਉਪਯੋਗਿਤਾ, ਉਝਰੀ (ਰਯੂਮਨ) ਦੇ ਖ਼ੁਰਾਕੀ ਪਾਚਣ ਤੱਤਾਂ ("ਮੈਟਾਬੋਲਾਈਟ੍ਸ") ਜਾਂ ਪਸ਼ੂਆਂ ਦੀ ਸੇਹਤ ਤੇ ਬਗ਼ੈਰ ਕਿਸੇ ਵਿਰੁੱਧ ਅਸਰ ਦੇ, ਯੂੀ ਐਮ ਐੱਲਜ਼ (UMLs) ਵਿਚ ਸੰਮਲਿਤ ਕੀਤੇ ਜਾ ਸਕਦੇ ਹਨ।

ਸ਼ਹਿਰੀ ਇਲਾਕੇ ਦੇ ਆਲ਼ੇ -ਦੁਆਲ਼ੇ ਵਾਲ਼ੀਆਂ ਡੇਅਰੀਆਂ ਵਿਚ ਜਾਨਵਰਾਂ ਦੀ ਆਹਾਰ ਸੰਬੰਧੀ ਹਾਲਤ

ਪੰਜਾਬ ਵਿਚ, ਰਾਜ ਸਰਕਾਰ ਨੇ ਸ਼ਹਿਰੀ ਇਲਾਕੇ ਦੇ ਆਲ਼ੇ-ਦੁਆਲ਼ੇ, 3 ਡੇਅਰੀਆਂ ਸਥਾਪਿਤ ਕੀਤੀਆਂ ਹਨ: 2 ਹਰੇਕ ਲੁਧਿਆਣਾ (ਹੈਬੋਵਾਲ ਅਤੇ ਤਾਜਪੁਰ ਡੇਅਰੀ ਕੰਪਲੈੱਕਸ) ਅਤੇ ਅੰਮ੍ਰਿਤਸਰ (ਭਗਤਾਵਾਲ਼ੇ ਅਤੇ ਝਬਾਲ ਰੋਡ ਡੇਅਰੀ ਕੰਪਲੈੱਕਸ) ਵਿਖੇ, 1 ਜਲੰਧਰ (ਜਮਸ਼ੇਰ ਡੇਅਰੀ ਕੰਪਲੈੱਕਸ) ਵਿਖੇ, 1 ਫ਼ਿਰੋਜ਼ਪੁਰ (ਗੋਆਰ ਟੋਲੀ ਡੇਅਰੀ ਕੰਪਲੈੱਕਸ) ਅਤੇ ਹੁਸ਼ਿਆਰਪੁਰ (ਇਸਲਾਮਾਬਾਦ ਡੇਅਰੀ ਕੰਪਲੈੱਕਸ) ਵਿਖੇ ਡੇਅਰੀ ਕੰਪਲੈੱਕਸ ਅੰਸ਼ ਰੂਪ ਵਿਚ ਵਿਕਸਿਤ ਕੀਤੇ ਗਏ ਹਨ। ਆਹਾਰ ਸੰਬੰਧੀ ਵਿਹਾਰਾਂ ਅਤੇ ਪ੍ਰਬੰਧਕੀ ਵਿਹਾਰਾਂ ਅਤੇ ਡੇਅਰੀ ਪਸ਼ੂਆਂ ਦੇ ਆਹਾਰ ਸੰਬੰਧੀ ਹਾਲਤ ਦਾ ਅਨੁਮਾਨ ਲਾਉਣ ਲਈ ਹਰੇਕ ਕੰਪਲੈੱਕਸ ਵਿਚੋਂ ਸਹਿਜ ਸੁਭਾਵਿਕ ਤੌਰ ਤੇ ਲਗਭਗ 30 ਕੁਟੰਬ ਚੁਣੇ ਗਏ।

ਖੇਤੀ-ਸੱਨਅਤੀ "ਗੌਣ-ਉਤਪਾਦ" ("ਬਾਈ-ਪ੍ਰੋਡੱਕਟਸ"), ਵਪਾਰਿਕ/ ਘਰ ਦਾ ਬਣਾਇਆ ਹੋਇਆ ਸੰਘਣਾ ("ਕਨਸਨਟ੍ਰੇਟ") / ਸੰਯੁਕਤ ਆਹਾਰ, ਹਰਾ ਚਾਰਾ ਅਤੇ ਤੂੜੀ ਪ੍ਰਮੁੱਖ ਆਹਾਰ ਸ੍ਰੋਤ ਸਨ, ਜਿਨ੍ਹਾਂ ਦੀ ਵਰਤੋਂ ਸ਼ਹਿਰੀ ਇਲਾਕਿਆਂ ਦੇ ਆਲ਼ੇ-ਦੁਆਲ਼ੇ ਦੇ ਡੇਅਰੀ ਕਿਸਾਨ ਕਰਦੇ ਹਨ। "ਕਣਕ ਵਾਲ਼ਾ ਦਲੀਆ" ਸਭ ਤੋਂ ਵੱਧ ਸਾਧਾਰਨ ਆਹਾਰ ਸੀ, ਜਿਸ ਦੀ ਵਰਤੋਂ ਦੁੱਧ ਦੇਣ ਵਾਲੇ ਪਸ਼ੂਆਂ ਦੇ ਰਾਸ਼ਨਾਂ ਵਿਚ ਕੀਤੀ ਜਾਂਦੀ ਸੀ। ਗ਼ੈਰ-ਰਵਾਇਤੀ ਆਹਾਰ ਸ੍ਰੋਤ ਜਿਵੇਂ ਕਿ "ਮੂੰਗ ਛਣੀ", ਸ਼ਰਾਬ ਦੀ ਭੱਠੀ ਅਤੇ ਸਟਾਰਚ ਉਦਯੋਗ ਦਾ ਵਿਅਰਥ, ਸ਼ਹਿਰੀ ਇਲਾਕੇ ਦੇ ਆਲ਼ੇ-ਦੁਆਲ਼ੇ ਦੀ ਡੇਅਰੀ ਉਤਪਾਦਨ ਪ੍ਰਣਾਲੀ ਵਿਚ ਇਕ ਸਾਰਥਿਕ (ਅਹਿਮ) ਭੂਮਿਕਾ ਅਦਾ ਕਰਦੇ ਹਨ। ਵੱਖੋ- ਵੱਖਰੇ ਡੇਅਰੀ ਕੰਪਲੈੱਕਸਾਂ ਵਿਚ ਪਸ਼ੂਆਂ ਨੂੰ ਦਿੱਤੇ ਗਏ ਸੰਪੂਰਨ ਆਹਾਰ ਦੀ "ਸੀ.ਪੀ." (CP) ਮਾਤਰਾ ਸਿਫ਼ਾਰਿਸ਼ ਕੀਤੀ ਗਈ "ਸੀ.ਪੀ." (CP) ਮਾਤਰਾ ਨਾਲ਼ੋਂ ਘੱਟ ਸੀ।

ਪਰਿਵਰਤਨ ਹਾਲਤ ਦੌਰਾਨ ਢੰਗ-ਪੂਰਵਕ "ਅਤੀਰਿਕਤ ਆਹਾਰ" ਸ਼ਾਮਿਲ ਕਰਨਾ

ਊਰਜਾ ਦੇ ਵੱਖੋ-ਵੱਖਰੇ ਪੱਧਰਾਂ (ਐੱਨ ਆਰ ਸੀ, 2001 ਦੀ 100, 110 ਅਤੇ 120%), ਉਝਰੀ (ਰਯੂਮਨ) ਵਿਚ ਟੱਟੇ-ਟੱਟੇ ਹੋ ਜਾਣ ਵਾਲ਼ੇ ਪ੍ਰੋਟੀਨ/ਟੱਟੇ-ਟੱਟੇ ਨਾਂ ਹੋ ਸਕਣ ਯੋਗ ਪ੍ਰੋਟੀਨ (ਆਰ ਡੀ ਪੀ, RDP/ ਯੂ ਡੀ ਪੀ UDP) ਦੀਆਂ ਸਤਰਾਂ, ਵਿਟਾਮਿਨਾਂ ਨੂੰ ਅਤੀਰਿਕਤ ਰੂਪ ਵਿਚ ਸ਼ਾਮਿਲ ਕਰਨ ਦੇ ਆਧਾਰ ਤੇ ਵੱਖੋ-ਵੱਖਰੇ ਖ਼ੁਰਾਕੀ ਅੰਸ਼ਾਂ ਦੀ ਵਰਤੋਂ ਕਰਕੇ, ਨੌਂ (9) ਰਾਸ਼ਨ ਤਿਆਰ ਕੀਤੇ ਗਏ। ਵੱਖੋ-ਵੱਖਰੇ ਰਾਸ਼ਨਾਂ ਦੀ ਛਾਣਬੀਣ (ਪਰਖ), ਪ੍ਰਯੋਗਸ਼ਾਲਾ ਵਿਚ ਗੈਸ ਉਤਪੱਤੀ ਤਕਨੀਕ ਦੁਆਰਾ ਕੀਤੀ ਗਈ। "ਕੁਲ ਗੈਸ ਉਤਪਾਦਨ" ਅਤੇ ਦੂਸਰੇ ਬਿੰਦੂ ਪਰਿਮਾਣ, "ਵੱਧ ਉਰਜਾ ਅਤੇ ਘੱਟ ਪ੍ਰੋਟੀਨ" (ਐੱਚ ਈ ਐੱਲ ਪੀ, HELP) ਸਮੂਹ ਵਿਚ ਸਾਰਥਿਕ ਤੌਰ ਤੇ ਵਧੇਰੇ ਸੀ ਅਤੇ "ਮੱਧਮ ਉਰਜਾ ਅਤੇ ਘੱਟ ਪ੍ਰੋਟੀਨ" (ਐਮ ਈ ਐੱਲ ਪੀ, MELP) ਸਮੂਹ ਦਾ ਦਰਜਾ ਇਸ ਤੋਂ ਬਾਅਦ ਦਾ ਸੀ। "ਵਿਟਾਮਿਨ ਈ" (E), "ਨਿਆਸਿਨ" ਜਾਂ "ਬਾਇਓਟਿਨ" ਜਾਂ ਇਹਨਾਂ ਸਾਰਿਆਂ ਦੇ ਮੇਲ ਨੂੰ ਡਾਈਟਾਂ ("ਨਿਯਮਿਤ ਖ਼ੁਰਾਕਾਂ") ਵਿਚ ਅਤੀਰਿਕਤ ਤੌਰ ਤੇ ਸ਼ਾਮਿਲ ਕਰਨ ਨਾਲ਼, ਪ੍ਰਯੋਗਸ਼ਾਲਾ ਵਿਚ "ਕੁਲ ਗੈਸ ਉਤਪਾਦਨ"

ਅਤੇ ਖ਼ੁਰਾਕੀ ਤੱਤਾਂ ਦੀ ਪਾਚਕਤਾ ਤੇ ਕੋਈ ਪ੍ਰਭਾਵ ਨਹੀਂ ਦੇਖਿਆ ਗਿਆ। ਗੱਭਣ ਦੋਗਲੀਆਂ ਗਊਆਂ (30 ਪਸ਼ੂਆਂ, ਸੂਣ ਤੋਂ 42 ਦਿਨ ਪਹਿਲਾਂ) ਨੂੰ ਸਮਾਨਤਾ, ਪਿਛਲੇ ਸੂਏ ਦੀ ਦੁੱਧ ਦੀ ਪੈਦਾਵਾਰ ਅਤੇ ਸ਼ਰੀਰਿਕ ਭਾਰ ਦੇ ਆਧਾਰ ਤੇ 6 ਬਰਾਬਰ-ਬਰਾਬਰ ਸਮੂਹਾਂ ਵਿਚ ਵੰਡਿਆ ਗਿਆ, ਜਿਨ੍ਹਾਂ ਨੂੰ ਜਾਂ ਤਾ "ਐੱਲ ਈ ਐੱਲ ਪੀ" (LELP), "ਐਮ ਈ ਐੱਲ ਪੀ" (MELP), "ਮੱਧਮ ਊਰਜਾ ਅਤੇ ਮੱਧਮ ਪ੍ਰੋਟੀਨ" ("ਐਮ ਈ ਐਮ ਪੀ", MEMP), "ਐੱਚ ਈ ਐੱਲ ਪੀ" (HELP), "ਵੱਧ ਊਰਜਾ" ਅਤੇ "ਵੱਧ ਪ੍ਰੋਟੀਨ" ("ਐੱਚ ਈ ਐੱਚ ਪੀ", HEHP) ਜਾਂ ਵਿਟਾਮਿਨਾਂ ਨਾਲ਼ "ਐੱਚ ਈ ਐੱਚ ਪੀ" (HEHP) ਦਿੱਤੇ ਗਏ। ਸਾਰੇ ਪਸ਼ੂਆਂ ਨੇ ਸੂਣ ਤੋਂ 40 ਦਿਨਾਂ ਪਹਿਲਾਂ ਤੋਂ ਸ਼ੁਰੂ ਹੋ ਕੇ ਸੂਣ ਦੇ 100 ਦਿਨਾਂ ਬਾਅਦ ਤਕ, ਆਪੋ ਆਪਣੇ ਆਹਾਰ ਪ੍ਰਾਪਤ ਕੀਤੇ। ਬਾਕੀ ਸਾਰੇ ਸਮੂਹਾਂ ਨਾਲ਼ੋਂ "ਐੱਚ ਈ ਐੱਚ ਪੀ" (HEHP) ਅਤੇ ਵਿਟਾਮਿਨਾਂ ਨਾਲ "ਐੱਚ ਈ ਐੱਚ ਪੀ" (HEHP) ਵਾਲੇ ਸਮੂਹਾਂ ਵਿਚ ਪ੍ਰਤਿਦਿਨ "ਡੀ ਐਮ ਆਈ" (DMI) ਵਧੇਰੇ (ਪੀ.< 0.05) ਸੀ। ਪ੍ਰਤਿਦਿਨ ਦੁੱਧ ਦੀ ਪੈਦਾਵਾਰ "ਐੱਚ ਈ ਐੱਚ ਪੀ" (HEHP) ਸਮੂਹ ਵਿਚ ਸਭ ਤੋਂ ਵੱਧ ਸੀ ਪਰ ਊਰਜਾ ਜਾਂ ਪ੍ਰੋਟੀਨ ਸਤਰ ਨੂੰ, ਅਤੀਰਿਕਤ ਵਿਟਾਮਿਨਾਂ ਨਾਲ਼ ਭਰਪੂਰ ਕਰਨ ਨਾਲ਼, ਪ੍ਰਤਿ ਦਿਨ ਦੁੱਧ ਦੀ ਪੈਦਾਵਾਰ ਤੇ ਕੋਈ ਸਾਰਥਿਕ ਪ੍ਰਭਾਵ ਨਹੀਂ ਪਿਆ।

ਪੋਲਟ੍ਰੀ ਆਹਾਰ

"ਲੀਦਰ ਭੋਜਨ" ਦੀ "ਕੁਲ ਪ੍ਰੋਟੀਨ ਮਾਲੀਅਤ" ("ਜੀ ਪੀ ਵੀ" GPV) ਅੰਕਣ ਲਈ, ਇਕ ਤਜਰਬਾ ਕੀਤਾ ਗਿਆ। ਆਦਰਸ਼ ਵਿਧੀਆਂ ਦੀ ਵਰਤੋਂ ਕਰਕੇ, ਹਰੇਕ 10 ਚੂਚਿਆਂ ਵਾਲ਼ੇ ਤਿੰਨ ਸਮੂਹਾਂ ਨੂੰ ਤਿੰਨ ਰਾਸ਼ਨਾਂ, ਜਿਨ੍ਹਾਂ ਦੇ ਨਾਮ ਸੱਖਣੀ ("ਡਿੱਪਲੀਸ਼ਨ") ਖ਼ੁਰਾਕ, ਪ੍ਰਸੰਗਿਕ ("ਰੈੱਫ਼ਰੈਂਸ") ਖ਼ੁਰਾਕ ("ਕੇਜ਼ੀਨ ਪ੍ਰੋਟੀਨ") ਅਤੇ ਪਰਖ (ਟੈੱਸਟ) ਵਾਲ਼ੀ ("ਲੀਦਰ ਭੋਜਨ") ਡਾਈਟ ("ਨਿਯਮਿਤ ਖ਼ੁਰਾਕ") ਹਨ, 14 ਦਿਨਾਂ ਤਕ ਖੁਆਈਆਂ ਗਈਆਂ। "ਰੈੱਫ਼ਰੈਂਸ" ਅਤੇ "ਟੈੱਸਟ ਵਾਲ਼ੀ ਡਾਈਟਾਂ" ("ਨਿਯਮਿਤ ਖ਼ੁਰਾਕਾਂ") ਵਿਚ ਸਾਰਥਿਕ ਤੌਰ ਤੇ ਵਧੇਰੇ "ਸ਼ਰੀਰਿਕ ਭਾਰ" ਅਤੇ "ਭਾਰ ਵਿਚ ਵਾਧਾ" ਵੇਖਿਆ ਗਿਆ। ਆਹਾਰ ਦੀ ਖ਼ਪਤ, "ਰੈੱਫ਼ਰੈਂਸ ਡਾਈਟ" ("ਨਿਯਮਿਤ ਖ਼ੁਰਾਕ") ਵਿਚ ਵੱਧ ਸੀ, ਪਰ "ਕੰਟਰੋਲ ਡਾਈਟ" ਦੀ ਤੁਲਨਾ ਵਜੋਂ, "ਐੱਫ਼ ਸੀ ਆਰ" (FCR) ਅਤੇ "ਪ੍ਰੋਟੀਨ ਪਰਿਵਰਤਨ ਅਨੁਪਾਤ" ਬਿਹਤਰ ਸੀ।

"ਲੀਦਰ ਭੋਜਨ" ਦੀ "ਕੁਲ ਪ੍ਰੋਟੀਨ ਉਪਯੋਗਿਤਾ" ("ਐੱਨ ਪੀ ਯੂ") ਇਕ ਤਜਰਬਾ ਕਰਕੇ ਕੱਢੀ ਗਈ, ਜਿਸ ਵਿਚ "ਨਾਈਟ੍ਰੋਜਨ-ਮੁਕਤ" ("ਕੰਟਰੋਲ") ਡਾਈਟ ਅਤੇ "ਟੈੱਸਟ ਪ੍ਰੋਟੀਨ" ("ਲੀਦਰ ਭੋਜਨ") ਨੂੰ ਫ਼ਾਰਮੂਲੇ ਰਾਹੀਂ ਤਿਆਰ ਕੀਤਾ ਗਿਆ ਅਤੇ ਹਰੇਕ 10 ਚੂਚਿਆਂ ਵਾਲ਼ੇ ਤਿੰਨਾਂ ਸਮੂਹਾਂ ਨੂੰ ਖੁਆਇਆ ਗਿਆ। "ਪ੍ਰੋਟੀਨ-ਮੁਕਤ ਡਾਈਟ" ਖੁਆਈ ਗਈਆਂ ਮੁਰਗੀਆਂ ਨੇ, ਵਧੇਰੇ "ਆਹਾਰ ਖਪਤ" ਦੇ ਨਾਲ਼-ਨਾਲ਼ "ਸ਼ਰੀਰਿਕ ਭਾਰ" ਵੀ ਗੁਆ ਲਿਆ। "ਲੀਦਰ ਭੋਜਨ" ਦੀ "ਕੁਲ ਪ੍ਰੋਟੀਨ ਉਪਲਬਧਤਾ", 83.3 ਪ੍ਰਤਿਸ਼ਤ ਸੀ।

"ਵਪਾਰਿਕ ਚਿੱਟੇ" ਅਤੇ "ਰੰਗਦਾਰ" ਬਟੇਰਾਂ ਦੀਆਂ "ਪ੍ਰੋਟੀਨ" ਅਤੇ "ਊਰਜਾ ਲੋੜਾਂ" ਦੀ ਪਰਖ ਲਈ, ਸਰਦ ਅਤੇ ਗਰਮ ਜਲਵਾਯੂ ਦੌਰਾਨ 23, 25 ਅਤੇ 27 ਪ੍ਰਤਿਸ਼ਤ ਕਰੂਡ ਪ੍ਰੋਟੀਨ ਨਾਲ਼, 2600 ਅਤੇ 2800 ਕਿਲੋ ਕੈਲੋਰੀ "ਐਮ.ਈ."/ਕਿਲੋਗ੍ਰਾਮ ਦੀ ਵਰਤੋਂ ਨਾਲ਼, ਇਕ 2 X 2 X 3 ਗੁਣਨਖੰਡ ਵਾਲ਼ੀ ਰੂਪ-ਰੇਖਾ ਵਿਚ, ਦੋ ਤਜਰਬੇ ਕੀਤੇ ਗਏ। ਵਿਸ਼ਲੇਸ਼ਣ ਤੋਂ ਪਹਿਲਾਂ ਦੇ ਮੂਲ ਪਦਾਰਥਾਂ ਤੋਂ ਡਾਈਟ (ਰੋਜ਼ ਦੀ ਖ਼ੁਰਾਕ) ਸੰਬੰਧੀ ਛੇ ਵਤੀਰਿਆਂ ਦੇ ਫ਼ਾਰਮੂਲੇ ਤਿਆਰ ਕੀਤੇ ਗਏ। ਦਰਮਿਆਨੀ ਸਤਰ ਦੀ ਪ੍ਰੋਟੀਨ ਅਤੇ ਵਧੇਰੇ ਸਤਰ ਦੀ ਊਰਜਾ ਨਾਲ਼ ਖੁਆਈ ਗਈਆਂ ਮੁਰਗੀਆਂ ਨੇ ਬਿਹਤਰ ਪ੍ਰਦਰਸ਼ਨ ਕੀਤਾ।

3. ਐਨੀਮਲ ਰੀਪ੍ਰੋਡਕਸ਼ਨ, ਗਾਇਨੀਕੋਲੋਜੀ ਐਂਡ ਓਬਸਟੈਟ੍ਰਿਕਸ ਵਿਭਾਗ

ਵਾਸਤਵਿਕ ਤੌਰ ਤੇ ਹੇਹੇ ਵਿਚ ਨਾ ਆਉਣ ਵਾਲ਼ੀਆਂ ਮੱਝਾਂ ਵਿਚ "ਓਵਸਿੰਕ" ਪ੍ਰੋਟੋਕੌਲ (ਵਿਧੀ) ਦੀ ਵਰਤੋਂ ਨਾਲ਼ ਸਿਨਕ੍ਰੋਨਾਇਜ਼ਡ (ਸਮਕਾਲੀ) ਡਿੰਬ ਗ੍ਰੰਥੀ ਵਿਚ ਆਂਡੇ ਜਣਨ ਵਾਲ਼ੇ ਹੇਹੇ ਦਾ ਪ੍ਰਾਰੰਭ ਕਰਨਾ

"ਓਵਸਿੰਕ" ਪ੍ਰੋਟੋਕੌਲ (ਵਿਧੀ) ਵਿਚ 0 ਅਤੇ ਨੌਵੇਂ (9th) ਦਿਨ ਤੇ ਇਕ "ਜੀ ਐੱਨ ਆਰ ਐੱਚ" (GnRH) ਦਾ ਸਮਰੂਪ ਅਤੇ ਸੱਤਵੇਂ (7th) ਦਿਨ ਤੇ ਇਕ "ਪੀ ਜੀ ਐੱਫ਼ ਟੂ ਅਲਫ਼ਾ" ($PGF_{2\alpha}$) ਦਾ ਸਮਰੂਪ ਦਿੱਤਾ ਜਾਂਦਾ ਹੈ। "ਓਵਸਿੰਕ" ਪ੍ਰੋਟੋਕੌਲ (ਵਿਧੀ) ਆਂਡੇ ਜਣਨ ਵਾਲ਼ੇ ਹੇਹੇ ਲਿਆਉਣ ਵਿਚ 100 ਫ਼ੀ ਸਦੀ ਕਾਮਯਾਬ ਰਹੀ, ਜੋ 82 ਫ਼ੀ ਸਦੀ ਹੇਹੇ ਵਿਚ ਨਾ ਆਉਣ ਵਾਲ਼ੀਆਂ ਅਣਸੂਈ ਮੱਝਾਂ ਵਿਚ ਸਮਕਾਲੀ ਆਂਡੇ ਜਣਨ (ਸਿਨਕ੍ਰੋਨਾਈਜੇਸ਼ਨ) ਵਿਚ ਕਾਮਯਾਬ ਰਹੀ ਅਤੇ ਇਸ ਪ੍ਰਕਾਰ ਦੂਸਰੇ ਜੀ "ਐੱਨ ਆਰ ਐੱਚ" (GnRH) ਦੇਣ ਦੇ ਕੇਵਲ 24 ਘੰਟਿਆਂ ਤੇ ਹੀ ਵੀਰਜ ਸੇਂਚਨ ਲੋੜੀਂਦਾ ਹੈ।

ਹੇਹੇ ਵਿਚ ਨਾ ਆਉਣ ਵਾਲ਼ੀਆਂ ਅਣਸੂਈ ਮੱਝਾਂ, ਵਿਚ "ਪੀ ਆਰ ਆਈ ਡੀ" (ਪ੍ਰਿੱਡ, PRID)-ਟ੍ਰੀਟਮੈਂਟ (ਵਤੀਰੇ) ਦਾ ਪ੍ਰਭਾਵ

ਵਾਸਤਵਿਕ ਤੌਰ ਤੇ ਹੇਹੇ ਵਿਚ ਨਾ ਆਉਣ ਵਾਲ਼ੀਆਂ ਅਣਸੂਈ ਛੇ ਮੱਝਾਂ ਵਿਚ ਗਰਮੀ ਰੁੱਤ ਦੌਰਾਨ, ਯੋਨੀ ਵਿਚ "ਪ੍ਰੋਜੈਸਟੀਰੋਨ ਛੱਡਣ ਵਾਲਾ ਜੰਤਰ" (ਪ੍ਰਿੱਡ –PRID) ਜਿਸ ਵਿਚ 1.55 ਗ੍ਰਾਮ "ਪ੍ਰੋਜੈਸਟੀਰੋਨ ਸੀ" (ਪਰ "ਈਸਟ੍ਰਾਡਾਓਲ" ਦਾ ਕੈਪਸੂਲ ਹਟਾਇਆ ਗਿਆ ਸੀ), 15 ਦਿਨਾਂ ਲਈ ਯੋਨੀ ਵਿਚ ਰੱਖਿਆ ਗਿਆ। ਪ੍ਰਿੱਡ ਕੱਢਣ ਤੋਂ ਬਾਅਦ, ਹੇਹੇ ਦੇ ਪ੍ਰਾਰੰਭ ਦੀ ਪੁਸ਼ਟੀ ਕੀਤੀ ਗਈ ਅਤੇ ਅਣਸੂਈ ਮੱਝਾਂ ਦਾ 24 ਘੰਟਿਆਂ ਦੇ ਅੰਤਰਾਲ ਤੇ ਆਂਡੇ ਜਣਨ ਤਕ ਵੀਰਜ ਸੇਂਚਨ ਕੀਤਾ ਗਿਆ। ਪ੍ਰਿੱਡ ਟ੍ਰੀਟਮੈਂਟ (ਵਤੀਰੇ) ਨੇ 100 ਫ਼ੀ ਸਦੀ ਹੇਹੇ ਵਿਚ ਨਾ ਆਉਣ ਵਾਲ਼ੀਆਂ ਅਣਸੂਈ ਮੱਝਾਂ ਵਿਚ ਆਂਡੇ ਜਣਨ ਵਾਲ਼ੇ ਹੇਹੇ ਦੀ ਸ਼ੁਰੂਆਤ ਕੀਤੀ।

ਹੇਹੇ ਵਿਚ ਨਾ ਆਉਣ ਵਾਲ਼ੀਆਂ ਅਣਸੂਈ ਮੱਝਾਂ ਵਿਚ "ਮੈਲਾਟੋਨਿਨ ਟ੍ਰੀਟਮੈਂਟ" (ਵਤੀਰੇ) ਤੋਂ ਬਾਅਦ ਆਂਡੇ ਜਣਨ ਦੀ ਪ੍ਰਕ੍ਰਿਆ ਵਿਚ ਅੰਤਰ ਹੋਣ ਦੀਆਂ ਕ੍ਰਿਆ-ਵਿਧੀਆਂ

ਗਰਮੀ ਰੁੱਤ ਦੌਰਾਨ ਵਾਸਤਵਿਕ ਤੌਰ ਤੇ ਹੇਹੇ ਵਿਚ ਨਾ ਆਉਣ ਵਾਲ਼ੀਆਂ ਅਣਸੂਈ ਮੱਝਾਂ (ਸੰਖਿਆ-12) ਦੇ ਸ਼ਰੀਰ ਵਿਚ "ਮੈਲਾਟੋਨਿਨ ਇਮਪਲਾਂਟਸ" ਦਬਾਏ ਗਏ (ਹਰੇਕ 50 ਕਿਲੋਗ੍ਰਾਮ ਭਾਰ ਲਈ ਇਕ ਮੈਲਾਟੋਨਿਨ ਇਮਪਲਾਂਟ, ਹਰੇਕ ਇਮਪਲਾਂਟ ਵਿਚ 18 ਮਿਲੀ ਗ੍ਰਾਮ "ਮੈਲਾਟੋਨਿਨ")। ਸਾਰੀਆਂ ਅਣਸੂਈ ਮੱਝਾਂ ਵਿਚ 7 ਤੋਂ 36 ਦਿਨਾਂ ਦੇ ਅੰਦਰ-ਅੰਦਰ ਪਹਿਲਾ ਅੰਡਾ ਜਣ ਕੇ ਡਿੱਗਣ ਦੀ ਕ੍ਰਿਆ ਪ੍ਰਾਰੰਭ ਹੋਈ। ਕੁਝ ਪਸ਼ੂਆਂ ਵਿਚ "ਹਾਈਪੋਥੈਲਾਮਸ-ਡਿੰਬ ਗ੍ਰੰਥੀ ਧੁਰੀ" ਨੂੰ ਪ੍ਰਭਾਵਿਤ ਕਰਨ ਲਈ ਜਰੂਰੀ, ਇਕ ਸੀਮਾ ਰੇਖਾ ਤੇ ਪਹੁੰਚਣ ਲਈ ਬਾਹਰਲੇ ("ਐੱਕਸੋਜੀਨੱਸ") "ਮੈਲਾਟੋਨਿਨ" ਦੀ ਘੱਟ ਮਾਤਰਾ ਲੋੜੀਂਦੀ ਹੈ।

ਮੱਝਾਂ ਵਿਚ "ਜੀ ਐੱਨ ਆਰ ਐੱਚ" (GnRH) ਦੇ ਸਣੇ ਜਾਂ ਬਗੈਰ, "ਪੀ ਜੀ ਐੱਫ਼ ਟੂ ਅਲਫ਼ਾ" ($PGF_{2\alpha}$)-"ਪੀ ਜੀ ਐੱਫ਼ ਟੂ ਅਲਫ਼ਾ" ($PGF_{2\alpha}$) ਵਿਧੀ ਦੀ ਵਰਤੋਂ ਕਰਕੇ, ਇਕ ਨਿਸ਼ਚਿਤ ਸਮੇਂ ਤੇ ਵੀਰਜ ਸੇਂਚਨ ਕਰਨ ਲਈ ਸਮਕਾਲੀ ਆਂਡੇ ਜਣਨ ਦੀ ਕ੍ਰਿਆ ("ਸਿਨਕ੍ਰੋਨਾਈਜੇਸ਼ਨ ਆਫ਼ ਓਵੂਲੇਸ਼ਨ")

ਹੇਹੇ ਦੇ ਚੱਕਰ ਵਿਚ ਆਉਣ ਵਾਲ਼ੀਆਂ 12 ਮੱਝਾਂ ਵਿਚ "ਸਮਕਾਲੀ ਆਂਡੇ ਜਣਨ" ਅਤੇ ਅਗਲੀ "ਬੱਚਾ ਜਣਨ ਸ਼ਕਤੀ" ("ਫ਼ਰਟੀਲਿਟੀ") ਦਾ ਅਨੁਮਾਨ ਲਾਉਣ ਲਈ "ਜੀ ਐੱਨ ਆਰ ਐੱਚ" (GnRH) ਦੇ ਸਣੇ (A) ਜਾਂ ਬਗ਼ੈਰ (B) ਇਕ "ਪੀ ਜੀ ਐੱਫ਼

ਟੂ ਅਲਫ਼ਾ" ($PGF_2\alpha$) ਪ੍ਰੋਟੋਕੋਲ (ਵਿਧੀ) ਦੀ ਵਰਤੋਂ ਕੀਤੀ ਗਈ। ਹੇਹੇ ਦੇ ਚੱਕਰ ਵਿਚ ਆਉਣ ਵਾਲ਼ੀਆਂ ਮੱਝਾਂ ਵਿਚ 12 ਦਿਨਾਂ ਦੇ ਅੰਤਰ ਤੇ "ਪੀ ਜੀ ਐੱਫ਼ ਟੂ ਅਲਫ਼ਾ" ($PGF_2\alpha$) ਦੇ ਤੋ ਟੀਕੇ ਦੇਣਾ, ਸਮਕਾਲੀ ਆਂਡੇ ਜਣਨ ("ਸਿਨਕ੍ਰੋਨਾਈਜ਼") ਲਈ ਬਹੁਤ ਕਾਰਗਰ ਸੀ ਅਤੇ ਇਸ ਪ੍ਰਕਾਰ ਦੂਸਰੇ "ਪੀ ਜੀ ਐੱਫ਼ ਟੂ ਅਲਫ਼ਾ" ($PGF_2\alpha$) ਦੇ 72 ਘੰਟਿਆਂ ਬਾਅਦ ਨਿਸ਼ਚਿਤ ਸਮੇ ਤੇ ਵੀਰਜ ਸੇਂਚਨ ਨਾਲ਼, ਉਚਿਤ ਵਧਿਆ ਬੱਚਾ ਜਣਨ ਸ਼ਕਤੀ (50 ਪ੍ਰਤਿਸ਼ਤ) ਹਾਸਲ ਹੋਈ।

ਮੱਝਾਂ ਵਿਚ ਸੁਭਾਵਿਕ ਜਾਂ ਸਹਾਇਤਾ ਨਾਲ਼ ਹੋਏ ਜਣੇਪੇ (ਡਿਲਿਵਰੀ) ਤੋਂ ਬਾਅਦ ਖ਼ੂਨ (ਪਲਾਜ਼ਮਾ) ਵਿਚ "ਹੈਪਟੋਗਲੋਬਿਨ" ਦੀ ਮਾਤਰਾ ਤੇ ਇਕ ਮੁੱਢਲਾ ਅਧਿਐਨ

ਜਣੇਪੇ ਵਿਚ ਔਖ ਤੋਂ ਪ੍ਰਭਾਵਿਤ ਮੱਝਾਂ ਦੀ ਤੁਲਨਾ ਵਜੋਂ, ਸੁਭਾਵਿਕ ਜਣੇਪੇ ਵਾਲ਼ੀਆਂ ਮੱਝਾਂ ਵਿਚ ਜਣੇਪੇ ਵਾਲ਼ੇ ਦਿਨ ਅਤੇ ਜਣੇਪੇ ਤੋਂ ਬਾਅਦ, ਦੇ ਸਮੇਂ ਦੌਰਾਨ ਸਾਰਥਿਕ ਤੌਰ ਤੇ (ਪੀ.<0.05) ਖ਼ੂਨ ਵਿਚ ਘੱਟ "ਹੈਪਟੋਗਲੋਬਿਨ" ਸੀ। ਖ਼ੂਨ ਵਿਚ "ਹੈਪਟੋਗਲੋਬਿਨ" ਦੀ ਮਾਤਰਾ, ਸੁਭਾਵਿਕ ਜਾਂ ਸਹਾਇਤਾ ਨਾਲ਼ ਹੋਏ ਜਣੇਪੇ ਦੌਰਾਨ, ਬੱਚੇਦਾਨੀ ਦੇ ਵਿਗਾੜ ਦੇ ਦਰਜੇ ਦੀ ਇਕ "ਸੂਚਕ" ਵਜੋਂ ਉਪਯੋਗੀ ਹੋ ਸਕਦੀ ਹੈ।

ਸੰਤਾਨ ਉਤਪੱਤੀ ਸੰਬੰਧੀ ਪ੍ਰਦਰਸ਼ਨ ਵਿਚ, ਮੌਸਮ ਸੰਬੰਧੀ ਰੁਝਾਨ ਅਤੇ ਪੰਜਾਬ ਵਿਚ ਦੋਗਲੇ ਨਸਲ ਦੀਆਂ ਦੁੱਧ ਦੇਣ ਵਾਲ਼ੀਆਂ ਗਊਆਂ ਵਿਚ ਸੰਤਾਨ ਉਤਪੱਤੀ ਸੰਬੰਧੀ ਬਿਮਾਰੀਆਂ ਦੀ ਸਥਿਤੀ

ਸਰਦੀ ਰੁੱਤ ਦੌਰਾਨ ਵਧੇਰੇ ਪ੍ਰਤਿਸ਼ਤ ਗਊਆਂ ਵਿਚ ਜਣੇਪਾ ਹੋਇਆ (64.1 ਪ੍ਰਤਿਸ਼ਤ), ਹੇਹੇ ਦਾ ਪ੍ਰਾਰੰਭ ਪ੍ਰਗਟ ਹੋਇਆ (69.2 ਪ੍ਰਤਿਸ਼ਤ) ਅਤੇ ਗਰਭ ਧਾਰਨ ਹੋਇਆ (72.1 ਪ੍ਰਤਿਸ਼ਤ) ਜਦਕਿ ਤੁਲਨਾ ਵਜੋਂ, ਗਰਮੀ ਰੁੱਤ ਦੌਰਾਨ ਇਹ ਅੰਕੜੇ ਕ੍ਰਮ ਅਨੁਸਾਰ 35.9, 30.8 ਅਤੇ 27.9 ਪ੍ਰਤਿਸ਼ਤ ਸਨ। ਇਸ ਤੋਂ ਇਲਾਵਾ ਸਰਦੀ ਰੁੱਤ ਦੌਰਾਨ ਜਣੇਪੇ ਤੋਂ ਹੇਹੇ ਦੇ ਪ੍ਰਾਰੰਭ ਵਿਚਲਾ ਸਮਾਂ ਘੱਟ (63.2 ਦਿਨ) ਹੋਣ ਕਰਕੇ ਗਊਆਂ ਵਿਚ ਨਸਲ ਵਧਾਉਣਾ (ਬਰੀਡਿੰਗ) ਛੇਤੀ ਸ਼ੁਰੂ ਹੋਇਆ ਜਦਕਿ ਤੁਲਨਾਂ ਵਜੋਂ ਗਰਮੀ ਰੁੱਤ ਦੌਰਾਨ ਇਹ ਵਿਚਲਾ ਸਮਾਂ ਲੰਮਾ (106.7 ਦਿਨ) ਸੀ। ਜਣੇਪੇ ਤੋਂ ਗਰਭ-ਧਾਰਨ ਵਿਚਲਾ ਸਮਾਂ ਵੀ ਗਰਮੀ ਰੁੱਤ ਦੀ ਤੁਲਨਾ (135.9 ਦਿਨ) ਵਜੋਂ ਸਰਦੀ ਰੁੱਤ ਵਿਚ ਘੱਟ (88.8 ਦਿਨ) ਸੀ।

ਲੰਮੀ ਅਵਧੀ ਦੇ ਹੇਹੇ ਵਾਲ਼ੀਆਂ ਦੋਗਲੀ ਨਸਲ ਦੀਆਂ ਗਊਆਂ ਵਿਚ, ਖ਼ੂਨ ਵਿਚ "ਕੌਰਟੀਸੋਲ ਦੀ ਮਾਤਰਾ ਦਾ, ਸੁਭਾਵਿਕ ਅਤੇ "ਕਲੋਪ੍ਰੋਸਟੀਨੌਲ" ਦੁਆਰਾ ਪੈਦਾ ਕੀਤੀ "ਕੌਰਪੱਸ-ਲਯੂਟੀਅਮ" ("ਸੀ ਐੱਲ", CL) ਦੀ ਅਵੁਨਤੀ (ਖ਼ਾਤਮੇ) ਤੇ ਪ੍ਰਭਾਵ

ਲੰਮੀ ਅਵਧੀ ਦੇ ਹੇਹੇ (> 36 ਘੰਟੇ, ਪੀ ਈ PE, ਗਊਆਂ) ਦੇ ਇਤਿਹਾਸ ਵਾਲ਼ੀਆਂ 10 "ਫਿਰ ਜਾਣ" ("ਰਿਪੀਟ ਬ੍ਰੀਡਿੰਗ") ਵਾਲ਼ੀਆਂ ਦੋਗਲੀ ਨਸਲ ਦੀਆਂ ਦੁੱਧ ਦੇਣ ਵਾਲ਼ੀਆਂ ਗਊਆਂ ਤੇ ਇਕ ਪ੍ਰਯੋਗ ਕੀਤਾ ਗਿਆ। ਹੇਹੇ ਦੀ ਆਮ ਅਵਧੀ (<24 ਘੰਟੇ) ਵਾਲ਼ੀਆਂ ਪੰਜ ਗਊਆਂ ਦੀ ਵੀ ਵਰਤੋਂ ਕੀਤੀ ਗਈ। ਹੇਹੇ ਦੇ ਅਗਲੇ ਚੱਕਰ ਵਿਚ "ਪੀ.ਈ." (PE) ਸਮੂਹ ਦੇ ਸਾਰੇ ਪਸ਼ੂਆਂ ਵਿਚ ਆਂਡਾ ਡਿੱਗਣ ਦੇ 7-9 ਦਿਨ ਬਾਅਦ, ਕਲੋਪ੍ਰੋਸਟੀਨੌਲ ਦਾ ਟੀਕਾ 500 ਮਾਈਕ੍ਰੋਗ੍ਰਾਮ ਦੀ ਦਰ ਨਾਲ਼, ਮਾਸ ਵਿਚ ਦਿੱਤਾ ਗਿਆ। "ਪੀ ਈ" (PE) ਗਊਆਂ ਵਿਚ "ਕਲੋਪ੍ਰੋਸਟੀਨੌਲ" ਟ੍ਰੀਟਮੈਂਟ (ਵਤੀਰੇ) ਨੇ ਸੰਕੇਤ ਕੀਤਾ ਕਿ ਖ਼ੂਨ ਵਿਚ "ਕੌਰਟੀਸੋਲ" ਦੀ ਵਧੀ ਹੋਈ ਮਾਤਰਾ ਦੇ ਹੁੰਦੇ ਹੋਇਆਂ ਵੀ, ਬਾਹਰੋਂ ਦਿੱਤਾ ਗਿਆ "ਪੀ ਜੀ ਐੱਫ਼ ਟੂ ਅਲਫ਼ਾ" ($PGF_2\alpha$), "ਸੀ ਐਲ" ਦੀ ਉਚਿਤ ਅਵੁਨਤੀ (ਖ਼ਾਤਮਾ) ਕਰਾਉਣ ਵਿਚ ਸਮਰਥ ਸੀ।

ਲੰਮੀ ਅਵਧੀ ਦੇ ਹੇਠੇ ਪ੍ਰਗਟ ਕਰਨ ਵਾਲ਼ੀਆਂ ਗਊਆਂ ਵਿਚ, ਮੱਧ-ਲਯੂਟੀਅਲ ਅਵਸਥਾ ਵਿਚ "ਜੀ ਐੱਨ ਆਰ ਐੱਚ" (GnRH) ਟ੍ਰੀਟਮੈਂਟ (ਵਤੀਰਾ)

ਲੰਮੀ ਅਵਧੀ ਦੇ ਹੇਠੇ (>36 ਘੰਟੇ) ਪ੍ਰਗਟ ਕਰਨ ਵਾਲ਼ੀਆਂ "ਫਿਰ ਜਾਣ " ("ਰਿਪੀਟ ਬ੍ਰੀਡਿੰਗ") ਵਾਲੀਆਂ ਗਊਆਂ (ਸੰਖਿਆ-10) ਵਿਚ, ਮੱਧ-ਲਯੂਟੀਅਲ ਅਵਸਥਾ (ਆਂਡਾ ਡਿੱਗਣ ਦੇ 12 ਦਿਨ ਬਾਅਦ) ਦੌਰਾਨ, "ਜੀ ਐੱਨ ਆਰ ਐੱਚ" (GnRH) ਦਾ ਸਮਰੂਪ ("ਬਯੂਸੇਰੇਲਿਨ" 0.02 ਮਿਲੀ ਗ੍ਰਾਮ, ਮਾਸ ਵਿਚ) ਦਿੱਤਾ ਗਿਆ। ਲੰਮੀ ਅਵਧੀ ਦੇ ਹੇਠੇ ਪ੍ਰਗਟ ਕਰਨ ਵਾਲ਼ੀਆਂ "ਫਿਰ ਜਾਣ" ("ਰਿਪੀਟ ਬ੍ਰੀਡਿੰਗ") ਵਾਲ਼ੀਆਂ ਗਊਆਂ ਵਿਚ, ਮੱਧ-ਲਯੂਟੀਅਲ ਅਵਸਥਾ ਵਿਚ "ਜੀ ਐਨ ਆਰ ਐੱਚ" (GnRH) ਟ੍ਰੀਟਮੈਂਟ (ਵਤੀਰਾ), ਵਤੀਰੇ ਤੋਂ ਬਾਅਦ ਵਾਲੇ ਹੇਠੇ ਸੰਬੰਧੀ "ਪੈਰਾਮੀਟਰਸ" (ਬਿੰਦੂ ਪਰਿਮਾਣਾਂ) ਨੂੰ ਘਟਾਉਣ ਵਿਚ ਕਾਮਯਾਬ ਸੀ ਅਤੇ ਉਸ ਉਪਰਾਂਤ ਲਯੂਟੀਅਲ ਸੰਬੰਧੀ "ਪ੍ਰੋਫ਼ਾਈਲ" ਅਤੇ ਜਣਨ-ਸ਼ਕਤੀ ਸਤਰ ("ਫ਼ਰਟੀਲਿਟੀ ਸਟੇਟੱਸ") ਵਿਚ ਸੁਧਾਰ ਲਿਆਉਣ ਵਿਚ ਸਫ਼ਲ ਸੀ।

"ਸੋਡੀਅਮ ਸਾਈਟ੍ਰੇਟ ਐੱਗ-ਯੋਕ ਐੱਕਸਟੈਂਡਰ" ("ਈ ਵਾਈ ਸੀ", EYC) ਵਿਚ ਅਤਿਰਿਕਤ ਤੌਰ ਤੇ ਮਿਲਾਏ ਗਏ ਐਂਟੀਆਕੱਸੀਡੈਂਟ, ਮੈਂਗਨੀਜ਼ (Mn) ਦਾ ਦੀਰਘ ਠੰਡਾ ਕਰਕੇ ਸੰਭਾਲਣ ("ਕ੍ਰਾਇਓਪ੍ਰਿਜ਼ਰਵੇਸ਼ਨ") ਦੌਰਾਨ ਸ਼ੁਕ੍ਰਾਣੂਆਂ ਤੇ ਪ੍ਰਭਾਵ

ਇਕ ਸਾਨ੍ਹ ਦਾ ਵੀਰਜ, "ਈ ਵਾਈ ਸੀ" (EYC) ਵਿਚ ਦੀਰਘ ਠੰਡਾ ਕਰਕੇ ਸੰਭਾਲਿਆ ਗਿਆ ਅਤੇ ਇਸ ਵਿਚ ਮੈਂਗਨੀਜ਼ ਵੀ ਭਿੰਨ-ਭਿੰਨ ਮਾਤਰਾਵਾਂ ਜਿਵੇਂ ਕਿ 0, 100, 150, 200 ਮਾਈਕ੍ਰੋ ਮੋਲਜ਼, ਅਤਿਰਿਕਤ ਰੂਪ ਵਿਚ ਸ਼ਾਮਿਲ ਕਰਕੇ, ਇਸ ਦਾ ਸ਼ੁਕ੍ਰਾਣੂਆਂ ਤੇ ਪ੍ਰਭਾਵ ਦਾ ਅਧਿਐਨ ਕੀਤਾ ਗਿਆ ਜਿਵੇਂ ਕਿ ਸ਼ੁਕ੍ਰਾਣੂਆਂ ਦੀ ਗਤੀਸ਼ੀਲਤਾ ("ਮੋਟੀਲਿਟੀ ਪ੍ਰਤਿਸ਼ਤ") ਘੱਟ ਆਸਮੋਟਿਕ ਫੁਲਾਉ ("ਐੱਚ ਓ ਐੱਸ", HOS), ਮੈਲੋਨਡਾਈਐੱਲਡੀਹਾਈਡ ("ਐਮ ਡੀ ਏ", MDA) ਉਤਪਾਦਨ ਦੇ ਸੰਬੰਧ ਵਿਚ ਵਸਾ ਦੀ ਪਰਆਕੱਸੀਡੇਸ਼ਨ (ਖ਼ਰਾਬੀ) ਅਤੇ "ਪ੍ਰੋਟੀਨਾਂ ਦੇ ਰਿਸਾਵ"। ਪ੍ਰੋਟੀਨਾਂ ਦੇ ਰਿਸਾਵ ਵਿਚ ਸਾਰਥਿਕ ਕਮੀ ਕੇਵਲ ਉਨ੍ਹਾਂ ਵੀਰਜ ਵਿਚ ਹੀ ਵੇਖੀ ਗਈ, ਜਿਨ੍ਹਾਂ ਵਿਚ ਮੈਂਗਨੀਜ਼ 200 ਮਾਈਕ੍ਰੋ ਮੋਲਜ਼ ਦੀ ਮਾਤਰਾ ਵਿਚ ਅਤਿਰਿਕਤ ਰੂਪ ਵਿਚ ਸ਼ਾਮਲ ਕੀਤਾ ਗਿਆ ਸੀ। ਮੈਂਗਨੀਜ਼ (Mn^{++}) ਨੂੰ ਇਕ "ਐਂਟੀਆਕੱਸੀਡੈਂਟ" ਦੀ ਵਜੋਂ "ਈ ਆਈ ਸੀ" (EYC) ਵਿਚ ਅਤਿਰਿਕਤ ਰੂਪ ਵਿਚ ਸ਼ਾਮਿਲ ਕਰਨ ਨਾਲ਼, "ਕ੍ਰਾਇਓਪ੍ਰਿਜ਼ਰਵੇਸ਼ਨ" ਦੌਰਾਨ ਸ਼ੁਕ੍ਰਾਣੂਆਂ ਦੀ ਝਿੱਲੀ ਤੇ ਹੋਏ ਨੁਕਸਾਨ ਜਾਂ ਵਸਾ ਦੀ "ਪਰਆਕਸੀਡੇਸ਼ਨ" (ਖ਼ਰਾਬੀ) ਤਣਾਉ ਨੂੰ ਘਟਾ ਕੇ, ਵੀਰਜ ਦੇ ਸਰੂਪ ਵਿਚ ਸੁਧਾਰ ਕੀਤਾ ਜਾ ਸਕਦਾ ਹੈ।

4. ਕਲੀਨਿਕਲ ਵੈਟਨਰੀ ਮੈਡੀਸਨ, ਇੱਥਿਕਸ ਐਂਡ ਜਯੂਰੀਸਪਰੂਡੈਂਸ ਵਿਭਾਗ

ਮਸ਼ੀਨ ਰਾਹੀਂ ਦੁੱਧ ਚੋਣ ਵਾਲ਼ੀਆਂ ਡੇਅਰੀ ਗਊਆਂ ਦੇ ਇੱਜੜ ਵਿਚ, ਲੇਵੇ ਦੀ ਸਿਹਤ ਅਤੇ ਦੁੱਧ ਦੇ ਗੁਣ/ਸਰੂਪ ਦਾ ਅਧਿਐਨ

ਮਸ਼ੀਨ ਰਾਹੀਂ ਦੁੱਧ ਚੋਏ ਜਾਣ ਵਾਲ਼ੀਆਂ ਡੇਅਰੀ ਗਊਆਂ ਦੇ ਵਿਚ, ਲੰਮੇ ਸਮੇਂ ਬਾਅਦ ਉਜਾਗਰ ਹੋਣ ਵਾਲ਼ਾ ਪ੍ਰਮੁੱਖ ਪ੍ਰਭਾਵ, ਥਣਾਂ ਦੇ ਸਿਰੇ ਦੀ ਚਮੜੀ ਦਾ ਮੋਟਾ ਹੋਣਾ ("ਹਾਈਪਰਕੈਰਾਟੋਸਿੱਸ") ਸੀ। ਹੋਰ ਦੂਸਰੀ ਨੰਗੀ ਅੱਖਾਂ ਨਾਲ਼ ਵੇਖੀਆਂ ਗਈਆਂ ਲੇਵੇ/ਥਣਾਂ ਦੀਆਂ ਵਿਲੱਖਣਤਾਵਾਂ, ਥਣਾਂ ਦੀਆਂ ਗਮੋੜੀਆਂ ("ਵਾਰਟਸ"), ਵਾਧੂ ਥਣ, ਖ਼ਰੀਂਢ ("ਸਕੈਬਸ"), ਰਿਸਣ ਵਾਲ਼ੇ ਥਣ ਆਦਿ ਸਨ। ਅਲੱਗ ਕਰਕੇ ਪ੍ਰਾਪਤ ਕੀਤੇ ਪ੍ਰਮੁੱਖ ਕੀਟਾਣੂ "ਸਟੈੱਫ਼ਾਇਲੋਕੋਕਾਈ", "ਕੋਰਾਈਨੀਬੈਕਟੀਰੀਆ" ਅਤੇ

"ਸਟ੍ਰੈਪਟੋਕੋਕਾਈ" ਸਨ। ਕੁਝ ਸਥਿਤੀਆਂ ਵਿਚ, "*ਈ.ਕੋਲਾਈ*" ਅਤੇ ਦੂਜੇ "ਗ੍ਰਾਮ-ਨੇਗਿਟਿਵ" ਕੀਟਾਣੂ ਵੇਖੇ ਜਾ ਸਕਦੇ ਸੀ। ਪ੍ਰਯੋਗਸ਼ਾਲਾ ਵਿਚ ਕੀਟਾਣੂਆਂ ਨੂੰ ਉਗਾ ਕੇ ਟੈਸਟ ਕਰਨ ਤੋਂ ਇਹ ਜਾਹਿਰ ਹੋਇਆ ਕਿ "ਐਨਰੋਫ਼ਲੋਕੱਸਾਸਿਨ", "ਏਰਿੱਥ੍ਰੋਮਾਈਸਿਨ" ਅਤੇ "ਜੈਂਟਾਮਾਈਸਿਨ" ਸਭ ਤੋਂ ਵੱਧ ਪ੍ਰਭਾਵਸ਼ਾਲੀ ਕੀਟਾਣੂ ਨਾਸ਼ਕ ਦਵਾਈਆਂ ਹਨ।

ਲੇਵੇ ਦੀ ਸੋਜ ("ਮੈਸਟਾਈਟਿੱਸ") ਦੀ ਪਰਖ ਲਈ ਦੁੱਧ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਅਤੇ ਕੀਟਾਣੂਆਂ ਨੂੰ ਉਗਾ ਕੇ ਦਵਾਈਆਂ ਪ੍ਰਤਿ ਸੰਵੇਨਸ਼ੀਲਤਾ ਦੀ ਪਰਖ ਦਾ ਟੈਸਟ

ਲੇਵੇ ਦੀ ਸੋਜ ਦਾ ਪ੍ਰਮੁੱਖ ਕਾਰਣ "ਸਟੈਫ਼ਾਇਲੋਕੋਕਾਈ" ਕੀਟਾਣੂ ਸੀ ਅਤੇ ਇਸ ਤੋਂ ਬਾਅਦ "ਸਟ੍ਰੈਪਟੋਕੋਕਾਈ" ਅਤੇ "*ਈ.ਕੋਲਾਈ*"ਸੀ। ਪ੍ਰਯੋਗਸ਼ਾਲਾ ਵਿਚ ਕੀਟਾਣੂਆਂ ਨੂੰ ਉਗਾ ਕੇ ਕੀਤੀ ਗਈ ਅਸਰਦਾਰ ਦਵਾਈ ਦੀ ਜਾਂਚ ਤੋਂ ਪਤਾ ਲੱਗਾ ਕਿ "ਐਨਰੋਫ਼ਲੋਕੱਸਾਸਿਨ" (86.67 ਫ਼ੀ ਸਦੀ) ਸਭ ਤੋਂ ਵੱਧ ਅਸਰਦਾਰ ਦਵਾਈ ਸੀ। ਇਸ ਤੋਂ ਬਾਅਦ "ਜੈਂਟਾਮਾਇਸਿਨ" (64.90 ਫ਼ੀ ਸਦੀ), "ਐਰਿੱਥ੍ਰੋਮਾਇਸਿਨ" (61.08 ਫ਼ੀ ਸਦੀ), "ਨੀਓਮਾਇਸਿਨ" (59.24 ਫ਼ੀ ਸਦੀ) ਅਤੇ "ਟੈਟਰਾਸਾਇਕਲਿਨ" (49.90 ਫ਼ੀ ਸਦੀ) ਸੀ। "ਕਲੋਕੱਸਾਸਿਲਿਨ" (28.83 ਫ਼ੀ ਸਦੀ), "ਪੈਨੀਸਿਲਿੱਨ" (31.50 ਫ਼ੀ ਸਦੀ) ਅਤੇ "ਐਮਪੀਸਿਲਿੱਨ" (33.51 ਫ਼ੀ ਸਦੀ) ਘੱਟ ਅਸਰਦਾਰ ਪਾਈਆਂ ਗਈਆਂ।

ਮੇਹਦੇ ਦੇ ਬਨੰ ("ਇਮਪੈਕਸ਼ਨ") ਅਤੇ ਖ਼ੂਨ ਦੇ ਜੰਮਣ ਤੋਂ ਹੋਣ ਵਾਲ਼ੇ ਦਿਲ ਦੇ ਦੌਰੇ ਤੋਂ ਗ੍ਰਸਤ ਗਊਆਂ ਅਤੇ ਮੱਝਾਂ ਵਿਚ ਜੀਵ-ਰਸਾਇਨ ਸੰਬੰਧੀ ਤਬਦੀਲੀਆਂ

"ਮੇਹਦੇ ਦੇ ਬਨੰ" ਦੇ ਲੱਛਣ ਵਿਖਾਉਣ ਵਾਲੀਆਂ 8 ਮੱਝਾਂ ਅਤੇ 5 ਗਊਆਂ ਵਿਚ ਜੀਵ-ਰਸਾਇਨ ਸੰਬੰਧੀ "ਪੈਰਾਮੀਟਰਸ" (ਬਿੰਦੂ ਪਰਿਮਾਣਾਂ) ਜਿਵੇਂ ਕਿ ਕੈਲਸ਼ੀਅਮ, ਮੈਗਨੀਸ਼ੀਅਮ, ਸੋਡੀਅਮ, ਪੋਟਾਸ਼ੀਅਮ, ਕਲੋਰਾਈਡ, "ਬੀ ਯੂ ਐੱਨ" (BUN) ਕੁਲ ਪ੍ਰੋਟੀਨ, "ਐੱਲਬਯੂਮਿਨ", "ਏ ਐੱਸ ਟੀ" (AST) ਅਤੇ "ਜੀ ਜੀ ਟੀ" ਸਤਰਾਂ ਦਾ ਅਧਿਐਨ ਕੀਤਾ ਗਿਆ। ਜ਼ਿਆਦਾਤਰ ਹਾਲਾਤਾਂ ਵਿਚ ਖ਼ੂਨ ਵਿਚ ਕੈਲਸ਼ੀਅਮ ਦੀ ਘਾਟ (6.1-8.3 ਮਿਲੀਗ੍ਰਾਮ/ਡੀ ਐੱਲ) ਅਤੇ ਫ਼ਾਸਫ਼ੇਟ ਦੀ ਘਾਟ (3.2-5.3 ਮਿਲੀਗ੍ਰਾਮ /ਡੀ ਐੱਲ) ਵੇਖੀ ਗਈ। ਖ਼ੂਨ ਵਿਚ "ਏ ਐੱਸ ਟੀ", AST (153-474 ਯੂਨਿਟਸ/ਲੀਟਰ) ਅਤੇ "ਜੀ ਜੀ ਟੀ", GGT (29-59 ਯੂਨਿਟਸ/ਲੀਟਰ) ਸਤਰਾਂ ਵਿਚ ਵਾਧਾ ਸੀ, ਜਿਸਨੇ ਜਿਗਰ ਦੇ ਪ੍ਰਭਾਵਿਤ ਹੋਣ ਦਾ ਸੰਕੇਤ ਦਿੱਤਾ।

ਦੁੱਧ ਦੇਣ ਵਾਲ਼ੇ ਪਸ਼ੂਆਂ ਵਿਚ ਖ਼ੁਰਾਕੀ ਤੱਤਾਂ ਦੀ ਘਾਟ ਸੰਬੰਧੀ ਬਿਮਾਰੀਆਂ

"ਆਇਓਡੀਨ" ਦੀ ਘਾਟ ਤੋਂ ਗ੍ਰਸਤ, ਦੋਗਲੀ ਨਸਲ ਵਾਲ਼ੀਆਂ ਗਊਆਂ ਅਤੇ ਮੱਝਾਂ ਵਿਚ ਚਮੜੀ ਦੇ ਥੱਲੇ ਲਾਏ ਗਏ 2 ਮਿਲੀਲੀਟਰ "ਆਇਓਡੀਨ-ਯੁਕਤ ਤੇਲ" (ਜਿਸ ਵਿਚ "ਆਇਓਡੀਨ", 375 ਮਿਲੀ ਗ੍ਰਾਮ/ਮਿਲੀਲੀਟਰ ਸੀ) ਦੇ ਟੀਕੇ ਦੇ ਅਸਰ ਦੇ ਮੁੱਲਾਂਕਣ ਲਈ ਇਕ ਅਧਿਐਨ ਕੀਤਾ ਗਿਆ। ਟੀਕਾ ਲਾਉਣ ਤੋਂ ਪਹਿਲਾਂ ਦੀਆਂ "ਔਸਤ ਪੀ ਆਈ ਆਈ" ਸਤਰਾਂ, ਮੱਝਾਂ ਅਤੇ ਗਊਆਂ ਵਿਚ ਕ੍ਰਮਵਾਰ, 22.4±1.99 ਅਤੇ 21.5±1..2 ਨੈਨੋਗ੍ਰਾਮ/ਮਿਲੀਲੀਟਰ ਸੀ, ਜੋ ਟੀਕਾ ਲਾਉਣ ਦੇ 30 ਦਿਨਾਂ ਬਾਅਦ ਸਾਰਥਿਕ ਤੌਰ ਤੇ ਕ੍ਰਮਵਾਰ, 110.45±8.9 ਅਤੇ 107.4±5.8 ਨੈਨੋਗ੍ਰਾਮ/ਮਿਲੀਲੀਟਰ ਹੋ ਗਈਆਂ। ਗਊਆਂ ਅਤੇ ਮੱਝਾਂ ਦੋਵਾਂ ਵਿਚ ਖ਼ੂਨ ਵਿਚ "ਔਸਤ ਟੀ4" (T4) ਦੀਆਂ ਸਤਰਾਂ ਅਤੇ "ਟੀ4:ਟੀ3" (T4:T3) ਦਾ ਅਨੁਪਾਤ, ਟੀਕਾ ਲਾਉਣ ਦੇ 30 ਅਤੇ 60 ਦਿਨਾਂ ਦੇ ਬਾਅਦ ਸਾਰਥਿਕ ਤੌਰ ਤੇ ਨਹੀਂ ਵਧਿਆ, ਜਦ ਕਿ ਖ਼ੂਨ ਵਿਚ "ਔਸਤ ਟੀ 3" (T 3) ਦੇ ਸਤਰ ਵਿਚ ਗਿਰਾਵਟ ਆਈ।

5. ਐਪੀਡੈਮੀਓਲੋਜੀ ਐਂਡ ਪ੍ਰਿਵੈਂਟਿਵ ਵੈਟਨਰੀ ਮੈਡੀਸਨ ਵਿਭਾਗ

ਗਊਆਂ ਅਤੇ ਮੱਝਾਂ ਵਿਚ ਮਹੱਤਵਪੂਰਨ ਬਿਮਾਰੀਆਂ ਦੀ ਮਹਾਂਮਾਰੀ ਸੰਬੰਧੀ ਚੌਕਸੀ

"ਬਰੂਸੀਲੋਸਿਸ" (ਪਸ਼ੂਆਂ ਵਿਚ ਤੂ ਜਾਣ ਦੀ ਬਿਮਾਰੀ)

ਕੁਲ 2835 ਪਸ਼ੂ "ਬਰੂਸੀਲੋਸਿਸ" ਦੀ ਬਿਮਾਰੀ ਲਈ ਟੈਸਟ ਕੀਤੇ ਗਏ ਅਤੇ "ਆਰ ਬੀ ਪੀ ਟੀ" ਅਤੇ "ਐਸ ਟੀ ਏ ਟੀ" ਦੇ ਆਧਾਰ ਤੇ 820 ਪਸ਼ੂ ਬਿਮਾਰੀ ਤੋਂ ਪ੍ਰਭਾਵਿਤ ਪਾਏ ਗਏ। ਕੁਲ ਮਿਲਾ ਕੇ ਬਿਮਾਰੀ ਦਾ ਪ੍ਰਚਲਨ 28.92 ਪ੍ਰਤਿਸ਼ਤ ਸੀ।

ਮਾਈਕੋਬੈਕਟੀਰੀਅਮ ਏਵੀਅਮ *ਸਬਸਪੀਸ਼ੀਜ* ਪੈਰਾਟਯੂਬਰਕਿਯੂਲੋਸਿੱਸ ਦਾ *"ਆਣਵਿਕ ਪ੍ਰਕਾਰੀਕਰਨ" (ਮੌਲੀਕਿਯੂਲਰ ਟਾਈਪਿੰਗ)*

ਗੋਹੇ ਦੇ ਨਮੂਨਿਆਂ (ਸੈਂਪਲਾਂ) ਦੀ "ਜ਼ੈਂਡ ਐਨ (ZN) ਸਟੇਨਿੰਗ", "ਆਈ ਐਸ 900" (IS 900) "ਪੀ ਸੀ ਆਰ" (PCR) ਅਤੇ "ਆਈ ਐਸ 1131" (IS 1131) "ਪੀ ਸੀ ਆਰ" (PCR) ਰਾਹੀਂ ਜਾਂਚ ਕੀਤੀ ਗਈ। "ਜ਼ੈਂਡ ਐਨ ਸਟੇਨਿੰਗ" ਟੈਸਟ ਦੀ ਸੰਵੇਦਨਸ਼ੀਲਤਾ ਅਤੇ ਨਿਸ਼ਚਿਤਤਾ ਕ੍ਰਮਵਾਰ, 71.43 ਪ੍ਰਤਿਸ਼ਤ ਅਤੇ 62.3 ਪ੍ਰਤਿਸ਼ਤ ਸੀ। "ਆਈ ਐਸ 900" (IS 900) ਗੋਹੇ ਤੇ ਲਾਏ ਗਏ "ਪੀ ਸੀ ਆਰ" (PCR) ਟੈਸਟ ਨੇ, ਗੋਹੇ ਵਿਚ ਕੀਟਾਣੂ ਸੁੱਟਣ ਵਾਲ਼ੇ 54.9 ਪ੍ਰਤਿਸ਼ਤ ਪਸ਼ੂਆਂ ਦਾ ਪਤਾ ਲਗਾਇਆ। "ਆਈ ਐਸ 1311" (IS1131) "ਪੀ ਸੀ ਆਰ" (PCR) ਟੈਸਟ ਦੇ ਉਤਪਾਦਾਂ ਦੇ "ਪੀ ਸੀ ਆਰ" (PCR) - "ਆਰ ਐੱਫ਼ ਐੱਲ ਪੀ" (RFLP) ਵਿਸ਼ਲੇਸ਼ਣ ਨੇ ਪ੍ਰਗਟ ਕੀਤਾ ਕਿ "ਬਿਸਨ" ਕਿਸਮ, "*ਮਾਈਕੋਬੈਕਟੀਰੀਅਮ ਏਵੀਅਮ* ਸਬਸਪੀਸੀਜ਼ *ਪੈਰਾਟਯੂਬਰਕਿਯੂਲੋਸਿੱਸ*" ਦੀ ਸਭ ਤੋਂ ਵੱਧ ਪ੍ਰਚਲਿਤ (82..25 ਪ੍ਰਤਿਸ਼ਿਤ) "ਆਨੁਵੰਸ਼ਿਕ ਕਿਸਮ" ("ਜੀਨੋਟਾਈਪ") ਹੈ।

ਗਲ਼-ਘੋਟੂ (ਹੈਮਰ੍ਹੈਜਿਕ ਸੈਪੱਟੀਸੀਮੀਆ, ਐੱਚ ਐੱਸ , HS)

ਜਨਵਰੀ 2008 ਤੋਂ ਦਿਸੰਬਰ 2008 ਤਕ, ਪੰਜਾਬ ਰਾਜ ਦੇ ਵੱਖੋ-ਵੱਖਰੇ ਹਿੱਸਿਆਂ ਵਿਚ "ਗਲ਼-ਘੋਟੂ" ਦੇ ਰੋਗ ਦੇ ਪੰਜ ਹਮਲੇ ਦਰਜ ਕੀਤੇ ਗਏ। ਇਨ੍ਹਾਂ ਹਮਲਿਆਂ ਵਿਚ ਸ਼ਾਮਲ 78 ਪਸ਼ੂਆਂ ਵਿਚੋਂ, 48 (61.53 ਪ੍ਰਤਿਸ਼ਤ) ਪਸ਼ੂ ਪ੍ਰਭਾਵਿਤ ਹੋਏ ਅਤੇ 17 (21.79 ਪ੍ਰਤਿਸ਼ਤ) ਪਸ਼ੂ ਮਰੇ। ਪਸ਼ੂ-ਪਾਲਕਾਂ ਨੂੰ "ਐਂਕਸਨੈੱਲ" (Xnel) (ਸੈਫ਼ਟੀਓਫ਼ਰ ਫ਼ਾਈਜ਼ਰ ਕੰਪਨੀ) ਦਾ ਟੀਕਾ 1 ਗ੍ਰਾਮ/500 ਕਿਲੋਗ੍ਰਾਮ ਪਸ਼ੂ ਭਾਰ ਦੀ ਦਰ ਤੇ ਮਾਸਪੇਸ਼ੀਆਂ ਵਿਚ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ, ਅਤੇ ਪਸ਼ੂਆਂ ਵਿਚ "ਐਲਮ ਪ੍ਰੈਸੀਪਿਟੇਟਿਡ ਐੱਚ ਐੱਸ (HS) ਵੈਕਸੀਨ", ਨਾਲ਼ ਸਾਲ ਵਿਚ ਦੋ ਵਾਰੀ ਬਿਮਾਰੀ ਤੋਂ ਬਚਾਅ ਲਈ ਟੀਕਾਕਰਣ ਅਪਨਾਉਣ ਦੀ ਸਲਾਹ ਦਿੱਤੀ ਗਈ।

ਮੂੰਹ-ਖੁਰ ਰੋਗ (ਐੱਫ਼ ਐਮ ਡੀ , FMD)

ਸਾਲ 2008 ਵਿਚ, ਪੰਜਾਬ ਦੇ ਵੱਖੋ-ਵੱਖਰੇ ਪਿੰਡਾਂ ਵਿਚ ਮੂੰਹ-ਖੁਰ ਦੀ ਬਿਮਾਰੀ ਦੇ ਸੱਤ ਹਮਲਿਆਂ ਜਿਨ੍ਹਾਂ ਵਿਚ 931 ਪਸ਼ੂ ਸ਼ਾਮਿਲ ਸੀ, ਤੇ ਗੌਰ ਕੀਤਾ ਗਿਆ। ਇਨ੍ਹਾਂ ਹਮਲਿਆਂ ਵਿਚ 20.73 ਪ੍ਰਤਿਸ਼ਤ (193/931) ਪਸ਼ੂਆ ਵਿਚ ਮੌਤ ਦਰਜ ਕੀਤੀ ਗਈ। ਇਨ੍ਹਾਂ ਹਮਲਿਆਂ ਤੋਂ ਵਿਸ਼ਾਣੂ ਦੇ "ਓ" ("0") "ਸੀਰੋਟਾਈਪ" (ਕਿਸਮ) ਦੀ ਪੁਸ਼ਟੀ ਹੋਈ।

ਲੇਵੇ ਦੀ ਸੋਜ ("ਮੈਸਟਾਈਟਿੱਸ")

ਲੇਵੇ ਦੀ ਸੋਜ ਤੋਂ ਗ੍ਰਸਤ ਪਸ਼ੂਆਂ ਵਿਚ, ਵਿਟਾਮਿਨ "ਏ" (A) ਦੀ ਘਾਟ ਦੇਖੀ ਗਈ ਹੈ। ਲੇਵੇ ਦੀ ਸੋਜ ਵਾਲੇ ਪਸ਼ੂਆਂ ਵਿਚ, ਖ਼ੂਨ ਵਿਚ "ਜ਼ਿੰਕ" ਦਾ ਸਤਰ ਘੱਟ ਪਾਇਆ ਗਿਆ ਜਦਕਿ, ਖ਼ੂਨ ਵਿਚ ਔਸਤ "ਕੌਪਰ" (Cu) ਅਤੇ "ਕੋਬਾਲਟ" (Co) ਸਤਰਾਂ ਵਿਚ ਕੋਈ ਫ਼ਰਕ ਨਹੀਂ ਸੀ। ਆਮ (ਸੇਹਤਮੰਦ) ਪਸ਼ੂਆਂ ਦੀ ਤੁਲਨਾ ਵਜੋਂ, ਲੇਵੇ ਦੀ ਸੋਜ ਵਾਲ਼ੇ ਪਸ਼ੂਆਂ ਵਿਚ "ਸਿਟਰਿੱਕ ਐਸਿੱਡ" ਦਾ ਸਤਰ ਸਾਰਥਿਕ ਤੌਰ ਤੇ ਘੱਟ ਸੀ ਅਤੇ ਪ੍ਰਭਾਵਿਤ ਪਸ਼ੂਆਂ ਵਿਚ "ਸਿੱਟਰੇਟ" ਦੇਣ ਨਾਲ਼, ਸੁਧਾਰ ਹੋਇਆ। ਦੁੱਧ ਵਿਚ "ਲੈਕਟੋ-ਡੀਹਾਈਡ੍ਰੋਜੀਨੇਜ਼" ("ਐੱਲ ਡੀ ਐੱਚ", LDH) ਦੀ ਮਾਤਰਾ ਵੱਧ ਸੀ। ਇਸ ਤਰ੍ਹਾਂ ਦੁੱਧ ਵਿਚ "ਐਲ ਡੀ ਐੱਚ", (LDH) ਦਾ ਸਤਰ, ਲੇਵੇ ਦੀ ਸੋਜ ਦੀ ਤੀਬਰਤਾ ਦਾ ਅੱਛਾ ਸੂਚਕ ਹੋ ਸਕਦਾ ਹੈ।

ਪਰਜੀਵੀ ਰੋਗ (ਖ਼ੂਨ ਵਿਚ ਪ੍ਰੋਟੋਜ਼ੋਆ-ਸੰਬੰਧੀ ਛੂਤਦਾਰ ਰੋਗ)

"ਥੀਲੇਰੀਓਸਿੱਸ" ਦਾ ਰੋਗ, ਗਊਆਂ ਵਿਚ ਸਭ ਤੋਂ ਮਹੱਤਵਪੂਰਨ ਖ਼ੂਨ ਵਿਚ ਪ੍ਰੋਟੋਜ਼ੋਆ-ਸੰਬੰਧੀ ਰੋਗ ਪਾਇਆ ਗਿਆ। ਪੰਜਾਬ ਦੇ ਵੱਖੋ-ਵੱਖਰੇ ਜਿਲ੍ਹਿਆਂ ਵਿਚ "ਥੀਲੇਰੀਓਸਿੱਸ" ਦੇ ਰੋਗ ਦੇ ਛੇ (6) ਹਮਲੇ ਦੇਖੇ ਗਏ। ਕੁਲ 318 ਸ਼ਾਮਿਲ ਪਸ਼ੂਆਂ ਵਿਚੋਂ, 66 ਪਸ਼ੂ ਪ੍ਰਭਾਵਿਤ ਹੋਏ ਅਤੇ 27 ਪਸ਼ੂ ਮਰੇ। ਪ੍ਰਭਾਵਿਤ ਪਸ਼ੂਆਂ ਵਿਚ ਤੇਜ਼ ਬੁਖ਼ਾਰ, ਖ਼ੂਨ ਦੀ ਘਾਟ ਅਤੇ ਉਪਰਲੀਆਂ ਸਤਹ ਦੀਆਂ ਗ੍ਰੰਥੀਆਂ ਦੀ ਸੋਜ ਵੇਖੀ ਗਈ। ਬਾਲ਼ਗ ਪਸ਼ੂਆਂ ਦੀ ਤੁਲਨਾ ਵਜੋਂ, ਜਵਾਨ ਕਟੜੂਆਂ ਵਿਚ ਬਿਮਾਰੀ ਦਾ ਰੁਝਾਨ ਵੱਧ ਸੀ।

ਵਿਭਾਗ ਦੁਆਰਾ 2008 ਵਿਚ ਡੇਅਰੀ ਪਸ਼ੂਆਂ ਵਿਚ ਰਿਕਾਰਡ ਕੀਤਾ ਗਿਆ ਬਿਮਾਰੀਆਂ ਦਾ ਪ੍ਰਤਿਰੂਪ



ਰਾਜ ਦੇ ਪਸ਼ੂ-ਪਾਲਕਾਂ ਨੂੰ ਰੋਗ ਦੇ ਹਮਲਿਆਂ ਵਿਚ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਦਾ, ਪਸ਼ੂਆਂ ਦੀਆਂ ਪ੍ਰਜਾਤੀਆਂ ਅਨੁਸਾਰ ਬਿਉਰਾ

ਪਸ਼ੂ-ਪਾਲਕਾਂ ਨੂੰ ਪ੍ਰਦਾਨ ਕੀਤੇ ਗਏ ਸਲਾਹ-ਮਸ਼ਵਰਿਆਂ ਅਤੇ ਬਿਮਾਰੀ ਦੀ ਪਰਖ-ਸੰਬੰਧੀ ਸੇਵਾਵਾਂ ਦਾ ਪਸ਼ੂਆਂ ਦੀਆਂ ਪ੍ਰਜਾਤੀਆਂ ਅਨੁਸਾਰ ਬਿਉਰਾ ਹੇਠਾਂ ਦਰਸ਼ਾਇਆ ਗਿਆ ਹੈ।



"ਬੇਬੇਸੀਓਸਿੱਸ"

"ਬੇਬੇਸੀਓਸਿੱਸ" ਦੇ ਰੋਗ ਦੇ ਤਿੰਨ (3) ਹਮਲੇ ਦਰਜ ਕੀਤੇ ਗਏ। ਕੁਲ ਸ਼ਾਮਿਲ 160 ਪਸ਼ੂਆਂ ਵਿਚੋਂ, 46 ਪਸ਼ੂ ਪ੍ਰਭਾਵਿਤ ਸੀ ਅਤੇ 14 ਪਸ਼ੂ ਮਰੇ। ਪ੍ਰਭਾਵਿਤ ਪਸ਼ੂਆਂ ਨੇ ਬੁਖ਼ਾਰ ਅਤੇ "ਲਹੂ ਮੂਤਣ" ("ਹੀਮੋਗਲੋਬਿਨਯੂਰੀਆ") ਦੇ ਲੱਛਣ ਦਿਖਾਏ।

ਬੇਬੇਸੀਆ ਦੇ ਰੋਗ ਦੇ ਹਮਲਿਆਂ ਦਾ ਪਸ਼ੂ ਪ੍ਰਜਾਤੀਆਂ ਅਨੁਸਾਰ ਬਿਓਰਾ



ਸੂਰਾਂ ਦੀਆਂ ਬਿਮਾਰੀਆਂ

ਸੂਰਾਂ ਦੀਆਂ ਬਿਮਾਰੀਆਂ-ਸੰਬੰਧੀ "ਮਹਾਂਮਾਰੀ-ਸੰਬੰਧੀ ਅੰਕੜੇ"

ਲੜੀ ਨੰ:	ਮਿਤੀ	ਸਥਾਨ	ਬਿਮਾਰੀ	ਕੁਲ ਪਸ਼ੂ	ਪ੍ਰਭਾਵਿਤ	ਮੌਤਾਂ
1	31-01-08	ਨਵਾਂ ਸ਼ਹਿਰ	ਸਵਾਈਨ ਫ਼ੀਵਰ ਅਤੇ ਨਾਈਟ੍ਰੇਟ ਦਾ ਜ਼ਹਿਰਵਾਦ	25	12	8
2	4-02-08	ਡੇਹਲੋਂ (ਲੁਧਿ:)	ਸਵਾਈਨ ਫ਼ੀਵਰ	35	25	20
3	15-01-08	ਜੁਗਿਆਨਾ, (ਲੁਧਿ:)	ਸਵਾਈਨ ਫ਼ੀਵਰ	20	20	4
4	24-04-08	ਕੋਟਲੀ, (ਲੁਧਿ:)	ਮੋਕ	115	10	4
5	25-04-08	ਇਸਰੂ, (ਲੁਧਿ:)	ਮੋਕ	20	10	7
6	12-11-08	ਅਜੀਤਵਾਲ (ਮੋਗਾ)	ਸੁਆਸ-ਸੰਬੰਧੀ ਛੂਤ ਤੇ ਰੋਗ	50	15	10
7	17-11-08	ਹੈਬੋਵਾਲ, (ਲੁਧਿ:)	ਸੁਆਸ-ਸੰਬੰਧੀ ਛੂਤ ਤੇ ਰੋਗ	5	5	1
			ਕੁਲ	**270**	**97**	**54**

ਪੰਜਾਬ ਰਾਜ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਸਾਲ 2008 ਦੌਰਾਨ ਦਰਜ ਕੀਤੇ ਗਏ "ਸਵਾਈਨ ਫ਼ੀਵਰ", "ਮੋਕ" ਅਤੇ "ਸੁਆਸ-ਸੰਬੰਧੀ ਛੂਤ ਦੇ ਰੋਗਾਂ" ਵਿਚੋਂ "ਸਵਾਈਨ ਫ਼ੀਵਰ" ਸਭ ਤੋਂ ਮਹੱਤਵਪੂਰਨ ਅਤੇ ਪ੍ਰਚਲਿਤ ਰੋਗ ਬਰਕਰਾਰ ਰਹਿਆ।

ਭੇਡਾਂ ਅਤੇ ਬੱਕਰੀਆਂ ਦੇ ਰੋਗ

ਭੇਡਾਂ ਅਤੇ ਬੱਕਰੀਆਂ ਦੇ ਇੱਜੜਾਂ ਵਿਚ "ਪੀ ਪੀ ਆਰ" (PPR) ਅਤੇ "ਚੇਚਕ" ("ਪੌਕੱਸ") ਦੇ ਰੋਗਾਂ ਦੇ ਦੋ (2) ਹਮਲੇ ਦਰਜ ਕੀਤੇ ਗਏ। ਇਨ੍ਹਾਂ ਹਮਲਿਆਂ ਵਿਚ ਲਗਭਗ 47 ਪਸ਼ੂ ਮਾਰੇ ਗਏ।

ਪੰਜਾਬ ਵਿਚ ਪਸ਼ੂਆਂ ਵਿਚ ਪਾਈਆਂ ਗਈਆਂ ਜ਼ਹਿਰਵਾਦ-ਸੰਬੰਧੀ ਸਮੱਸਿਆਵਾਂ

ਨਾਈਟ੍ਰੇਟ/ਨਾਈਟ੍ਰਾਈਟ ਜ਼ਹਿਰਵਾਦ

ਸਾਲ 2008 ਦੌਰਾਨ, ਨਾਈਟ੍ਰੇਟ/ਨਾਈਟ੍ਰਾਈਟ ਦੇ ਜ਼ਹਿਰਵਾਦ ਦੇ 10 ਰੋਗ ਸੰਬੰਧੀ ਹਮਲੇ ਦਰਜ ਕੀਤੇ ਗਏ ਅਤੇ ਚਾਰੇ ਦੇ ਨਮੂਨਿਆਂ ਵਿਚ, ਸੁੱਕੇ ਪਦਾਰਥ ("ਡੀ ਐਮ", DM) ਦੇ ਆਧਾਰ ਤੇ, 2 ਪ੍ਰਤਿਸ਼ਤ ਤੋਂ ਵੱਧ ਨਾਈਟ੍ਰੇਟ ਮਾਤਰਾ ਪਾਈ ਗਈ। ਪ੍ਰਭਾਵਿਤ ਪਸ਼ੂਆ ਦਾ ਇਲਾਜ, "ਮਿਥਾਈਲੀਨ ਬਲਯੂ" ਦੇ 1 ਪ੍ਰਤਿਸ਼ਤ ਘੋਲ਼ ਨਾਲ਼ ਕੀਤਾ ਗਿਆ ਜਿਸ ਦਾ ਟੀਕਾ, 2-4 ਮਿਲੀਗ੍ਰਾਮ/ਕਿਲੋਗ੍ਰਾਮ ਸ਼ਰੀਰਿਕ ਵਜਨ ਦੀ ਦਰ ਤੇ, ਖ਼ੂਨ ਦੀ ਨਸ ਵਿਚ ਦਿੱਤਾ ਗਿਆ ਅਤੇ ਹਰੇਕ 8 ਘੰਟਿਆਂ ਬਾਅਦ ਦੁਹਰਾਇਆ ਗਿਆ। ਪਸ਼ੂ-ਪਾਲਕਾਂ ਨੂੰ ਚਾਰੇ ਦੀ ਨਿਯਮਬੱਧ ਜਾਂਚ ਕਰਵਾਉਣ ਅਤੇ ਪਸ਼ੂ ਨੂੰ ਖਾਣ ਲਈ ਦੇਣ ਤੋਂ ਪਹਿਲਾਂ, ਹਰੇ ਚਾਰੇ ਨੂੰ ਤੂੜੀ ਨਾਲ਼ ਮਿਲਾਉਣ ਲਈ ਸਲਾਹ ਦਿੱਤੀ ਗਈ।

6. ਪਸ਼ੂ-ਧਨ ਉਤਪਾਦਨ ਅਤੇ ਪ੍ਰਬੰਧ ਵਿਭਾਗ

"ਬਰਾਇਲਰ ਚੂਚਿਆਂ" ਵਿਚ ਵਿਕਾਸ ਵਧਾਉਣ ਲਈ "ਐਨਟੀਬਾਓਟਿੱਕ" ਦੀ ਥਾਂ ਤੇ "ਹਰਬਲ" (ਜੜੀ-ਬੂਟੀਆਂ) ਦਾ ਵਿਕਲਪ

ਬਿਮਾਰੀ ਨਾਲ਼ ਲੜ੍ਹਨ-ਸੰਬੰਧੀ ਪ੍ਰਤਿਕ੍ਰਿਆ "ਹਰਬਾਓਟਿੱਕ-ਐੱਫ਼ ਐੱਸ" (Herbiotic-FS) ਵਾਲ਼ੇ ਸਮੂਹਾਂ ਵਿਚ ਜ਼ਿਆਦਾ ਸੀ, ਜਿਸ ਨੂੰ "ਰਾਣੀ-ਖੇਤ ਦੇ ਵਾਇਰਸ" ਦੇ ਖਿਲਾਫ਼ "ਹੀਮੈਗਲਿਯੂਟੀਨੇਸ਼ਨ ਟਾਈਟੱਰ" (ਮਾਤਰਾ) ਰਾਹੀਂ ਜਾਂਚ ਕੀਤਾ। ਇਹ ਨਤੀਜਾ ਕੱਢਿਆ ਗਿਆ ਕਿ "ਹਰਬਾਓਟਿੱਕ-ਐੱਫ਼ ਐੱਸ" ਵਿਕਾਸ ਵਿਚ ਵਾਧਾ ਲਿਆਉਣ ਲਈ ਅਤਿਰਿਕਤ ਅੰਸ਼ ("ਸਪਲੀਮੈਂਟ") ਦੀ ਤਰ੍ਹਾ ਆਹਾਰ ਵਿਚ, "ਅਨੈਟੀਬਾਓਟਿੱਕ" ਦੀ ਥਾਂ ਅਸਰਦਾਰ ਵਿਕਲਪ ਦੀ ਵਜੋਂ, ਸ਼ਾਮਿਲ ਕੀਤਾ ਜਾ ਸਕਦਾ ਹੈ।

"ਬਰਾਇਲਰ ਚੂਚਿਆਂ" ਲਈ ਥੱਲੇ ਬਿਛਾਉਣ ਵਾਲ਼ੀ ਪਰਾਲ਼ੀ ("ਲਿਟਰ") ਦੇ ਪਦਾਰਥਾਂ ਦੇ ਵਿਕਲਪ ਦਾ ਵਿਸ਼ਲੇਸ਼ਣ

ਚੌਲ਼ਾਂ ਦੇ ਛਿਲਕੇ (ਰਾਈਸ ਹਸਕ , "ਆਰ ਐੱਚ", RH) ਦੀ ਜਗ੍ਹਾ ਥੱਲੇ ਬਿਛਾਉਣ ਵਾਲ਼ੀ ਪਰਾਲ਼ੀ ("ਲਿਟਰ") ਦੇ ਪਦਾਰਥਾਂ ਦੇ ਵਿਕਲਪ ਸਰੋਤਾਂ ਵਜੋਂ, ਝੋਨੇ ਦਾ ਸਟ੍ਰਾਅ ("ਪੀ ਐੱਸ", PS), ਮੱਕੀ ਦੀਆਂ ਡੰਡੀਆਂ ("ਐਮ ਐੱਸ", MS) ਅਤੇ ਤੂੜੀ ("ਡੈੱਬਲਿਯੂ ਐੱਸ", WS) ਦੇ ਇਸਤੇਮਾਲ ਦਾ ਮੁੱਲਾਂਕਣ ਕਰਨ ਲਈ, "ਬਰਾਇਲਰ ਚੂਚਿਆਂ" ਵਿਚ ਇਕ ਤਜਰਬਾ ਕੀਤਾ ਗਿਆ। ਇਹ ਸਿੱਟਾ ਕੱਢਿਆ ਗਿਆ ਕਿ "ਬਰਾਇਲਰ ਚੂਚਿਆਂ" ਨੂੰ ਪਾਲਣ ਲਈ ਕੁਤਰਾ ਕੀਤੇ ਹੋਏ "ਪੀ ਐੱਸ" (PS) ਅਤੇ "ਐਮ ਐੱਸ"(MS) ਇਕ ਚੰਗਾ ਅਤੇ ਸਸਤਾ "ਆਰ ਐੱਚ" (RH) ਵਿਕਲਪ ਹੋ ਸਕਦੇ ਹਨ।

7. ਪਸ਼-ਧਨ ਉਤਪਾਦ ਤਕਨਾਲੋਜੀ ਵਿਭਾਗ

ਚਰਬੀ ਦੀ ਥਾਂ ਬਦਲੇ ਗਏ ਵੱਖੋ-ਵੱਖਰੇ ਪਦਾਰਥਾਂ ਦਾ, ਘੱਟ-ਚਰਬੀ ਵਾਲੀਆਂ ਮੱਝ ਦੇ ਮੀਟ ਦੀਆਂ "ਪੈਟੀਜ਼" ("ਐਲ ਐੱਫ਼ ਬੀ ਐਮ ਪੀ", LFBMP) ਦੇ ਗੁਣਾਂ ਉੱਤੇ ਕਾਰਗਰੀ

ਭੌਤਿਕੀ-ਰਸਾਇਣ, ਸੰਯੁਕਤ ਬਣਤਰ-ਸੰਬੰਧੀ ਅਤੇ ਸੰਵੇਦਕ (ਸੁਆਦ ਆਦਿ) ਗੁਣਾਂ ਦੇ ਆਧਾਰ ਤੇ, "ਸੋਇਆ ਪ੍ਰੋਟੀਨ ਆਈਸੋਲੇਟ" ("ਐੱਸ ਪੀ ਆਈ", SPI) ਨੂੰ "ਐੱਲ ਐੱਫ਼ ਬੀ ਐਮ ਪੀ" (LFBMP) ਵਿਚ, ਚਰਬੀ ਦੀ ਥਾਂ ਬਦਲੇ ਗਏ ਪਦਾਰਥ ਦੀ ਤਰ੍ਹਾਂ ਸੰਮਿਸ੍ਰਣ ਕਰਨ ਦੇ ਮਿਆਰ ਦਾ ਸਤਰ 2.0 ਪ੍ਰਤਿਸ਼ਤ ਕਾਇਮ ਕੀਤਾ ਗਿਆ। ਘੱਟ-ਚਰਬੀ ਵਾਲ਼ੀਆਂ ਮੱਝ ਦੇ ਮੀਟ ਦੀਆਂ "ਪੈਟੀਜ਼" ਦੇ ਵਿਕਾਸ ਲਈ "ਟੇਪੀਓਕਾ ਸਟਾਰਚ" ("ਟੀ ਐੱਸ", TS) ਦਾ ਸਤਰ, 3.0 ਪ੍ਰਤਿਸ਼ਤ ਸਰਵੋਤਮ ਪਾਇਆ ਗਿਆ।

ਨਾਈਟ੍ਰਾਈਟ-ਮੁਕਤ ਬੱਕਰੇ ਤੇ ਮੀਟ ਦੀਆਂ "ਪੈਟੀਜ਼" ਦਾ ਵਿਕਾਸ ਅਤੇ ਇਸ ਦੇ ਭੰਡਾਰੀਕਰਣ ਦਾ ਟਿਕਾਉਪਣ

"ਪੋਟਾਸ਼ੀਅਮ ਸੌਰਬੇਟ" (0..26 ਪ੍ਰਤਿਸ਼ਤ) ਅਤੇ "ਸੋਡੀਅਮ ਹਾਈਪੋਫੌਸਫ਼ਾਈਟ" (0.3 ਪ੍ਰਤਿਸ਼ਤ) ਦੀ ਤੁਲਨਾ ਵਜੋਂ, "ਨਾਈਸਿਨ" (0.1 ਪ੍ਰਤਿਸ਼ਤ ਦੇ ਸਤਰ ਤੇ) ਸਭ ਤੋਂ ਢੁਕਵਾਂ ਕੀਟਾਣੂਰੋਧਕ ਏਜੇਂਟ (ਰਸਾਇਣ) ਸੀ। "ਕੜ੍ਹੀ ਪੱਤਾ ਪਾਊਡਰ" (0..2 ਪ੍ਰਤਿਸ਼ਤ) ਅਤੇ "ਅਦਰਕ ਦੇ ਅਰਕ" (2.0 ਪ੍ਰਤਿਸ਼ਤ) ਦੀ ਤੁਲਨਾ ਵਜੋਂ, "ਸੋਡੀਅਮ ਐੱਸਕੌਰਬੇਟ" ("ਐੱਸ ਏ", 600 "ਪੀ

ਪੀ ਐਮ") ਅਤੇ "ਅਲਫ਼ਾ-ਟੋਕੋਫ਼ਿਰੌਲ ਐਸੀਟੇਟ" ("ਟੀ ਏ",10 "ਪੀ ਪੀ ਐਮ") ਵਧੇਰੇ ਅਸਰਦਾਰ ਐਨਟੀਆੱਕਸੀਡੈਂਟ ਵਿਕਲਪ ਵਜੋਂ ਪਾਏ ਗਏ। "ਦੇਗੀ ਮਿਰਚ ਪਾਊਡਰ" (1 ਪ੍ਰਤਿਸ਼ਤ) ਅਤੇ "ਲੌਂਗ ਦੇ ਪਾਊਡਰ" (0.2 ਪ੍ਰਤਿਸ਼ਤ) ਦੀ ਤੁਲਨਾ ਵਜੋਂ, 0.035 ਪ੍ਰਤਿਸ਼ਤ "ਪਿੰਕ ਰੋਜ਼ ਕਲਰ" ("ਪੀ ਆਰ ਸੀ", PRC) ਸਭ ਤੋ ਅਸਰਦਾਰ, "ਰੰਗ ਦੇਣ ਵਾਲ਼ੇ ਪਦਾਰਥ" ਦਾ ਵਿਕਲਪ ਸੀ।

ਫੇਹੇ ਹੋਏ ਹਰੇ ਕੇਲਿਆਂ ("ਐਮ ਜੀ ਬੀ", MGB) ਦਾ "ਚਿਕਨ-ਨੱਗਟਸ" ਦੀਆਂ "ਭੌਤਿਕੀ-ਰਸਾਇਣਕ" ਅਤੇ "ਸੰਵੇਦਕ ਗੁਣਾਂ" ਤੇ ਪ੍ਰਭਾਵ

ਕੇਲਿਆਂ ਨਾਲ਼ ਸੰਯੁਕਤ ਉਤਪਾਦ ਨੇ ਕੰਟਰੋਲ (ਕੇਲਿਆਂ ਤੋਂ ਮੁਕਤ) ਉਤਪਾਦ ਦੀ ਤੁਲਨਾ ਵਜੋਂ, ਵਧੇਰੇ "ਕੁਕਿੰਗ ਉਪਜ", "ਘੋਲ਼ ਦਾ ਟਿਕਾਉਪਨ ਅਤੇ ਘੋਲ਼ ਦੀ "ਪੀ ਐੱਚ" (pH) ਪ੍ਰਗਟ ਕੀਤੀ। "ਚਿਕਨ-ਨੱਗਟਸ" ਨੂੰ ਤਿਆਰ ਕਰਨ ਲਈ, "ਐਮ ਜੀ ਬੀ" (MGB) 15 ਪ੍ਰਤਿਸ਼ਤ ਤੇ ਸਤਰ ਤਕ, ਅਸਰਦਾਰ ਤੌਰ ਤੇ ਸੰਮਲਿਤ ਕੀਤਾ ਜਾ ਸਕਦਾ ਸੀ।

ਫ੍ਰਿੱਜ਼ ਵਿਚ ਭੰਡਾਰੀਕਰਣ ਅਉਧੀ (ਸਮੇਂ) ਦਾ "ਗਾਜਰ ਸੰਮਲਿਤ ਚਿਕਨ-ਨੱਗਟਸ" ਦੇ ਬਣਤਰ-ਸੰਬੰਧੀ ਗੁਣਾਂ ਤੇ ਪ੍ਰਭਾਵ

"ਚੱਬਣ ਯੋਗਤਾ" ਅਤੇ "ਲੇਸਲਾਪਣ", "ਗਾਜਰ ਵਾਲ਼ੀਆਂ ਨੱਗਟਸ" ਵਿਚ ਵਧਿਆ। ਭੰਡਾਰੀਕਰਣ ਦੌਰਾਨ, ਦੋਵੇਂ ਪ੍ਰਕਾਰ ਦੀਆਂ "ਨੱਗਟਸ" ਵਿਚ "ਲਿਫ਼ਵੇਂਪਣ" ਵਿਚ ਵਧਣ ਦੇ ਰੁਝਾਨ ਅਤੇ "ਚਿਪਚਿਪਾਹਟ" ਵਿਚ ਘਟਣ ਦੇ ਰੁਝਾਨ ਪ੍ਰਗਟ ਹੋਏ।

ਪੀਸੀ-ਹੋਈ ਗਾਜਰ ਨਾਲ਼ ਤਿਆਰ ਕੀਤੀਆਂ "ਚਿਕਨ ਨੱਗਟਸ" ਦੀ "ਸਾਧਨੀ-ਬਣਤਰ", ਰੰਗ ਅਤੇ "ਸੰਵੇਦਕ ਗੁਣਾਂ" ਦਾ ਮੁੱਲਾਂਕਣ

"ਚਿਕਨ-ਨੱਗਟਸ" ਨੂੰ ਨਿਯਮਬੱਧ ਤਰੀਕੇ ਨਾਲ਼ ਤਿਆਰ ਕਰਨ ਵਿਚ, ਗਾਜਰ ਦੀ ਵਰਤੋਂ ਨੇ "ਕਠੋਰਤਾ", "ਚਿਪਚਿਪਾਹਟ" ਅਤੇ "ਚੱਬਣਯੋਗਤਾ" ਵਿਚ ਸਾਰਥਿਕ ਤੌਰ ਤੇ ਵਾਧਾ ਕੀਤਾ ਗਿਆ। ਗਾਜਰ ਨਾਲ਼ ਤਿਆਰ ਕੀਤੀਆਂ "ਚਿਕਨ-ਨੱਗਟਸ" ਵਿਚ ਰੰਗ ਅਤੇ ਸਰੂਪ-ਸੰਬੰਧੀ ਗਿਣਤੀ ਦੇ ਅੰਕ ("ਸਕੋਰ") ਵਧੇਰੇ ਸੀ।

"ਸੋਡੀਅਮ ਸੇਲੇਨਾਈਟ" ਨੂੰ "ਡਾਈਟ" ਵਿਚ ਅਤਿਰਿਕਤ ਅੰਸ਼ ਰੂਪ ਵਿਚ ਸ਼ਾਮਿਲ ਕਰਨ ਦਾ, "ਬਰਾਇਲਰ" ਮੁਰਗਿਆਂ ਦੇ "ਵਿਕਾਸ ਪ੍ਰਦਰਸ਼ਨ" ਅਤੇ ਮੀਟ ਗੁਣ ਤੇ ਪ੍ਰਭਾਵ

"ਸੋਡੀਅਮ ਸੇਲੇਨਾਈਟ" ਨੂੰ ਆਹਾਰ ਵਿਚ ਸ਼ਾਮਿਲ ਕਰਨ ਨਾਲ਼, "ਔਸਤ ਭਾਰ ਬਡੌਤਰੀ", "ਸਾਫ਼ ਕੀਤੇ ਮਾਸ ਦੇ ਪ੍ਰਤਿਸ਼ਤ", ਚਮੜੀ ਅਤੇ ਖੰਭਾਂ, ਪਿੰਜੜੀਆਂ, ਸਿਰ ਅਤੇ "ਜਿਬਲੇਟਸ" (ਦਿਲ, ਜਿਗਰ, ਮੇਦੇ ਆਦਿ) ਦੇ ਭਾਰ ਵਿਚ ਸੁਧਾਰ ਨਹੀਂ ਹੋਇਆ। ਪਾਣੀ ਰੋਕੇ-ਰੱਖਣ ਦੀ ਸਮਰਥਾ ਵਿਚ ਸਾਰਥਕ ਸੁਧਾਰ ਹੋਇਆ ਪਰ "ਪੀ ਐੱਚ" ਅਤੇ "ਮੋਕ" ਰਾਂਹੀ ਘਾਟੇ ਵਿਚ ਕੋਈ ਬਦਲਾਵ ਨਹੀਂ ਸੀ।

"ਲੈਕਟਿਕ ਐਸਿਡ", "ਕੈਲਸ਼ੀਅਮ ਕਲੋਰਾਈਡ" ਅਤੇ "ਪੈਪੇਨ" ਦਾ "ਟਰਕੀ ਮੀਟ-ਚੰਕਸ" (ਫਾਂਕਾਂ) ਦੇ ਭੌਤਿਕੀ-ਰਸਾਇਣਕ" ਅਤੇ "ਸੰਵੇਦਕ ਗੁਣਾਂ" ਤੇ ਪ੍ਰਭਾਵ

"ਲੈਕਟਿਕ-ਐਸਿਡ", "ਕੈਲਸ਼ੀਅਮ ਕਲੋਰਾਈਡ" ਵਿਚ "ਟਰਕੀ ਮੀਟ-ਚੰਕਸ" ਨੂੰ ਪਕਾਣ ਨਾਲ਼ "ਸਖ਼ਤ ਟਰਕੀ ਮੀਟ" ਦੀ "ਕੁਲ ਮਿਲਾ ਕੇ ਸਵੀਕਾਰਨਯੋਗਤਾ" ਵਿਚ ਸੁਧਾਰ ਹੋਇਆ ਜਦਕਿ "ਪੈਪੇਨ" ਦਾ ਕੋਈ ਲਾਭਦਾਇਕ ਪ੍ਰਭਾਵ ਨਹੀਂ ਹੋਇਆ।

"ਗਾਜਰ ਜੂਸ" ਅਤੇ "ਵੇਹ (ਪਨੀਰ ਦੇ ਪਾਣੀ) ਪ੍ਰੋਟੀਨ ਕੱਨਸਨਟ੍ਰੇਟ" ("ਡੈੱਬਲਿਯੂ ਪੀ ਸੀ", WPC) ਨਾਲ਼ ਸੁਆਦੀ ਬਣਾਈ ਗਈ ਮਿੱਠੀ ਲੱਸੀ ਦੀਆਂ ਗੁਣ ਵਿਸ਼ੇਸ਼ਤਾਵਾਂ

ਸੰਵੇਦਕ ਵਿਸ਼ਲੇਸ਼ਣ (9 ਨੁਕਤਾ "ਹਿਠੋਨਿਕ" ਅੰਕਾਂ ਦੇ ਪੈਮਾਨੇ (ਸਕੇਲ)-"ਸੁਆਦ", "ਰੰਗ", ਅਤੇ "ਸਰੂਪ", "ਗਾੜਾਪਨ" ਅਤੇ "ਕੁਲ ਮਿਲਾ ਕੇ ਸਵੀਕਾਰਨਯੋਗਤਾ") ਨੇ ਪ੍ਰਗਟ ਕੀਤਾ ਕਿ 10 ਪ੍ਰਤਿਸ਼ਤ "ਗਾਜਰ ਜੂਸ" ਅਤੇ 2 ਪ੍ਰਤਿਸ਼ਤ "ਡੈੱਬਲਿਯੂ ਪੀ ਸੀ" (WPC) ਨਾਲ਼ ਤਿਆਰ ਕੀਤੀ ਮਿੱਠੀ ਲੱਸੀ ਸਭ ਤੋਂ ਵਧੀਆ ਸੀ।

"ਸੋਇਆ ਪ੍ਰੋਟੀਨ ਆਈਸੋਲੇਟ" ("ਐੱਸ ਪੀ ਆਈ") ਦਾ ਚਰਬੀ ਦੀ ਥਾਂ ਬਦਲਣ ਦਾ ਘੱਟ-ਚਰਬੀ ਵਾਲ਼ੇ ਪਨੀਰ ਦੇ "ਭੌਤਿਕੀ-ਰਸਾਇਣਕ" ਅਤੇ "ਸੰਵੇਦਕ ਗੁਣਾਂ" ਤੇ ਪ੍ਰਭਾਵ

"ਐੱਸ ਪੀ ਆਈ", (SPI) ਦੀਆਂ ਵਧੇਰੀ ਸਤਰਾਂ ਨੇ ਪਨੀਰ ਦੀ "ਉਪਜ", "ਪ੍ਰੋਟੀਨ", "ਰਾਖ" ਅਤੇ "ਨਮੀ" ਦੀ ਮਾਤਰਾ ਵਿਚ ਵਾਧਾ ਕੀਤਾ, ਪਰ "ਚਰਬੀ" ("ਫ਼ੈਟ"), "ਨਮੀ ਪ੍ਰੋਟੀਨ ਅਨੁਪਾਤ", "ਲੈਕਟੋਜ਼" ਅਤੇ "ਕੈਲੋਰੀ" ਦੀ ਮਾਤਰਾ ਘਟਾਈ। "ਐੱਸ ਪੀ ਆਈ" (SPI) ਦੇ 0.2 ਪ੍ਰਤਿਸ਼ਤ ਸਤਰ ਵਾਲ਼ੇ ਪਨੀਰ ਦੀ "ਬਣਤਰ", "ਰਸੀਲਾਪਣ" ਅਤੇ "ਕੁਲ ਮਿਲਾ ਕੇ ਸਵੀਕਾਰਨਯੋਗਤਾ" ਦੇ ਗਿਣਤੀ ਦੇ ਅੰਕ ("ਸਕੋਰ") ਸਾਰਥਿਕ ਤੌਰ ਤੇ ਵਧੇਰੇ ਸੀ।

"ਸੋਇਆ ਪ੍ਰੋਟੀਨ ਆਈਸੋਲੇਟ" ("ਐੱਸ ਪੀ ਆਈ" SPI) ਅਤੇ "ਗਾਜਰ ਜੂਸ" ਨਾਲ਼ ਨਿਯਮਬੱਧ ਤਰੀਕੇ ਨਾਲ਼ ਤਿਆਰ ਕੀਤੀ ਗਈ "ਘੱਟ-ਚਰਬੀ ਵਾਲ਼ੀ ਮਿੱਠੀ ਦਹੀਂ" [ਦਹੀਂ, ਭਾਰਤੀਆ ਯੋਗ੍ਹਰਟ (ਖ਼ਮੀਰ)] ਦੀਆਂ ਵਿਸ਼ੇਸ਼ਤਾਵਾਂ

"ਗਾਜਰ ਜੂਸ" ਦੇ ਵਧਦੇ ਸਤਰ ਨਾਲ਼ "ਚਰਬੀ", "ਪ੍ਰੋਟੀਨ", "ਕੁਲ ਠੋਸ" ਅਤੇ "ਰਾਖ" ਘਟੀ ਜਦਕਿ "ਐੱਸ ਪੀ ਆਈ" (SPI) ਦੇ ਵਧਦੇ ਸਤਰ ਨਾਲ਼ "ਚਰਬੀ" ਘਟੀ ਅਤੇ "ਪ੍ਰੋਟੀਨ" ਵਧੀ। "ਗਾਜਰ ਜੂਸ" (10 ਪ੍ਰਤਿਸ਼ਤ) ਅਤੇ "ਐੱਸ ਪੀ ਆਈ" (1 ਪ੍ਰਤਿਸ਼ਤ) ਦੇ ਮਿਲਾਉਣ ਨਾਲ਼ "ਘੱਟ-ਚਰਬੀ ਵਾਲ਼ੀ ਮਿੱਠੀ ਦਹੀਂ" ਦੇ "ਸੰਵੇਦਕ", "ਭੌਤਿਕੀ-ਰਸਾਇਣਕ" ਗੁਣਾਂ ਵਿਚ ਸੁਧਾਰ ਹੁੰਦਾ ਹੈ।

8. ਵੈਟਨਰੀ ਐਨਾਟੋਮੀ ਐਂਡ ਹਿਸਟੌਲੋਜੀ ਵਿਭਾਗ

ਮੱਝਾਂ ਵਿਚ "ਹੇਹੇ-ਚੱਕਰ" ਦੇ "ਅੰਡ-ਉਤਪਾਦਨ" ਅਤੇ "ਅੰਡ-ਮੋਚਨ" ਦੇ ਬਾਅਦ ਵਾਲ਼ੀਆਂ ਹਾਲਤਾਂ ਦੌਰਾਨ, "ਬੱਚੇਦਾਨੀ ਦੀ ਟਿਯੂਬ" ("ਫ਼ਿੰਬ-ਨਾਲ਼ੀ") ਦਾ ਤੰਤੂ-ਵਿਗਿਆਨ ਅਤੇ ਤੰਤੂ-ਰਸਾਇਨ-ਵਗਿਆਨ ਸੰਬੰਧੀ ਅਧਿਐਨ

ਬੱਚੇਦਾਨੀ ਦੀਆਂ ਟਿਯੂਬਾਂ ਦੇ ਵੱਖੋ-ਵੱਖਰੇ ਹਿੱਸਿਆਂ ("ਇਨਫ਼ੱਨਡੀਬੁਲਮ", "ਐਮਪੁਲਾ", "ਇਸਥਮਸ" ਅਤੇ "ਬੱਚੇਦਾਨੀ ਅਤੇ ਟਿਯੂਬ ਵਾਲੇ ਜੋੜ") ਦਾ ਅਧਿਐਨ ਕੀਤਾ ਗਿਆ। ਟਿਯੂਬਾਂ ਦੇ ਅੰਦਰਲੀ ਝਿੱਲੀ, "ਪ੍ਰਾਈਮਰੀ" ਅਤੇ "ਸੈਕੰਡਰੀ" ਲੰਮਿਆਂ ਪਰਤਾਂ ਵਿਚ ਵੰਡੀ ਹੋਈ ਸੀ ਅਤੇ ਇਹ ਪਰਤਾਂ "ਅੰਡ-ਉਤਪਾਦਨ" ਦੀ ਹਾਲਤ ਦੌਰਾਨ, ਵਧੇਰੀਆਂ ਸ਼ਾਖਾਵਾਂ ਵਿਚ ਵੰਡੀਆਂ ਹੋਈਆਂ ਸਨ। ਟਿਯੂਬਾਂ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਅੰਦਰਲੀ ਝਿੱਲੀ ("ਐਪੀਥੀਲੀਯਮ") "ਕੌਲਮਨਾਰ" (ਥੰਮਨੂਮਾ ਖੜੀਆਂ) ਤੋਂ "ਸੂਡੋ-ਸਟ੍ਰੈਟੀਫ਼ਾਈਡ ਕੌਲਮਨਾਰ" (ਨਕਲੀ ਤਹਬੰਦੀ ਵਿਚ ਖੜੀਆਂ) ਕੋਸ਼ਿਕਾਵਾਂ ਦੀ ਬਣੀ ਹੋਈ ਸੀ ਜੋ "ਸੀਲੀਏਟਿੱਡ" (ਬਾਨਾਂਲ਼ੁਮਾ ਰੋਮਾਂ) ਜਾਂ "ਸੀਲੀਏਟਿੱਡ ਮੁਕਤ" ਪ੍ਰਕਾਰ ਦੀ ਸੀ। "ਟਿਯੂਬ" ਦੀ ਦੀਵਾਰ ਦੀਆਂ ਵੱਖੋ-ਵੱਖਰੀਆਂ ਪਰਤਾਂ (ਜਿਵੇਂ ਕਿ "ਪ੍ਰੋਪ੍ਰੀਆ ਸਬਮਯੂਕੋਜ਼ਾ", "ਟਿਯੂਨਿਕਾ ਮਸਕਿਯੂਲੈਰਿਸ" ਅਤੇ "ਟਿਯੂਨਿਕਾ ਸਿਰੋਜਾ") ਨੇ "ਪੀ ਏ ਐੱਸ" (PAS) ਅਤੇ "ਐੱਲਸ਼ੀਅਨ-ਬਲਯੂ" (ਨੀਲੇ ਰੰਗ ਦੀ) ਨਾਲ਼, ਮੰਦ ਤੋਂ ਹਲਕੀ ਪ੍ਰਤਿਕ੍ਰਿਆ ਪ੍ਰਗਟ ਕੀਤੀ।

ਮੱਝਾਂ ਵਿਚ "ਹੇਹੇ-ਚੱਕਰ" ਦੇ "ਅੰਡ-ਉਤਪਾਦਨ" ਅਤੇ "ਅੰਡ-ਮੋਚਨ" ਦੇ ਬਾਅਦ ਵਾਲ਼ੀਆਂ ਹਾਲਤਾਂ ਦੌਰਾਨ, "ਬੱਚੇ ਦਾਨੀ ਦੀ ਟਿਯੂਬ" ਦੀ ਅੰਦਰਲੀ ਸਤਹ ਦਾ, ਬਾਰੀਕੀ ਨਾਲ਼ ਜਾਂਚ ਕਰਨ ਵਾਲ਼ੇ ("ਸਕੈਨਿੰਗ") ਬਿਜਲਾਣੂ ("ਇਲੈੱਕਟ੍ਰੌਨ") ਖ਼ੁਰਦਬੀਨ ("ਮਾਈਕ੍ਰੋਸਕੋਪ") ਰਾਹੀਂ ਅਧਿਐਨ

ਮੱਝਾਂ ਦੀਆਂ ਟਿਯੂਬਾਂ ਦੇ ਵੱਖੋ-ਵੱਖਰੇ ਹਿੱਸਿਆਂ ("ਇਨਫ਼ਨਡੀਬੁਲਮ, ਐਮਪੁਲਾ", ਇਸਥਮਸ ਅਤੇ "ਬੱਚੇਦਾਨੀ ਅਤੇ ਟਿਯੂਬ ਵਾਲ਼ੇ ਜੋੜ") ਦੀ ਅੰਦਰਲੀ ਸਤਹ ਦਾ ਬਰੀਕੀ ਨਾਲ਼ ਜਾਂਚ ਕਰਨ ਵਾਲ਼ੇ ਬਿਜਲਾਣੂ ਖ਼ੁਰਦਬੀਨ ("ਸਕੈਨਿੰਗ ਇਲੈੱਕਟ੍ਰੌਨ ਮਾਈਕ੍ਰੋਸਕੋਪ") ਰਾਹੀਂ ਅਧਿਐਨ ਕੀਤਾ ਗਿਆ। ਟਿਯੂਬ ਦੇ ਵੱਖੋ-ਵੱਖਰੇ ਹਿੱਸਿਆਂ ਦੀ ਅੰਦਰਲੀ ਝਿੱਲੀ ("ਮਯੂਕੋਜ਼ਾ") ਬਾਲਾਂਨੁਮਾ ਰੋਮਾਂ ("ਸੀਲੀਏਟਿੱਡ") ਅਤੇ "ਸੀਨੀਏਟਿੱਡ-ਮੁਕਤ" ਕੋਸ਼ਿਕਾਵਾਂ ਦੀ ਬਣੀ ਹੋਈ ਸੀ। "ਸੀਲੀਏਟਿੱਡ-ਮੁਕਤ" ਕੋਸ਼ਿਕਾਵਾਂ ਦੋ ਪ੍ਰਕਾਰ ਦੀਆਂ ਸਨ - "ਰਸਣ ਵਾਲ਼ੀਆਂ" ਅਤੇ "ਬਗ਼ੈਰ ਰਸਣ ਵਾਲ਼ੀਆਂ"।

ਮੱਝਾਂ ਵਿਚ "ਹੇਹੇ-ਚੱਕਰ" ਦੇ "ਅੰਡ-ਉਤਪਾਦਨ" ਅਤੇ "ਅੰਡ-ਮੋਚਨ" ਦੇ ਬਾਅਦ ਵਾਲ਼ੀਆਂ ਹਾਲਤਾਂ ਦੌਰਾਨ ਬੱਚੇ ਦਾਨੀ ਦਾ "ਤੰਤੂ ਵਿਗਿਆਨ" ਅਤੇ "ਤੰਤੂ-ਰਸਾਇਨ" ਸੰਬੰਧੀ ਅਧਿਐਨ

"ਅੰਡ-ਉਤਪਾਦਨ" ਦੀ ਹਾਲਤ ਦੌਰਾਨ, ਬੱਚੇਦਾਨੀ ਦੀ ਸਭ ਤੋਂ ਅੰਦਰਲੀ ਪਰਤ ("ਐਨਡੋਮੀਟ੍ਰੀਅਮ") ਵਿਚ "ਦਾਣੇਦਾਰ ਸਫ਼ੈਦ ਕੋਸ਼ਿਕਾਵਾਂ" ("ਗ੍ਰੈਨਿਯੂਲੋਸਾਈਟਸ") ਅਤੇ "ਪਲਾਜ਼ਮਾ ਕੋਸ਼ਿਕਾਵਾਂ" ਦਾ ਪ੍ਰਵੇਸ਼ ਬਹੁਤ ਜ਼ਿਆਦਾ ਸੀ। "ਬੱਚੇਦਾਨੀ ਦੇ ਮੂੰਹ" ਦੀ ਅੰਦਰਲੀ ਝਿੱਲੀ, "ਥੰਮਨੁਮਾ ਖੜੀਆਂ" ("ਕੌਲਮਨਾਰ") ਅਤੇ "ਨਕਲੀ ਤਹਬੰਦੀ ਵਿਚ ਥੰਮਨੁਮਾ ਖੜੀਆਂ" ("ਸੂਡੋ-ਸਟ੍ਰੈਟੀਫ਼ਾਈਡ ਕੌਲਮਨਾਰ") ਕੋਸ਼ਿਕਾਵਾਂ ਦੀ ਬਣੀ ਹੋਈ ਸੀ। ਬੱਚੇਦਾਨੀ ਦੇ ਮੂੰਹ ਦੀਆਂ ਗ੍ਰੰਥੀਆਂ ਬਹੁਤ ਸਾਰੀਆਂ ਸੀ ਅਤੇ ਇਨ੍ਹਾਂ ਦੀ ਅੰਦਰਲੀ ਪਰਤ, "ਥੰਮਨੁਮਾ ਖੜੀਆਂ" ("ਕੌਲਮਨਾਰ") ਕੋਸ਼ਿਕਾਵਾਂ ਦੀ ਬਣੀ ਸੀ।

ਮੱਝਾਂ ਵਿਚ "ਹੇਹੇ-ਚੱਕਰ" ਦੇ "ਅੰਡ-ਉਤਪਾਦਨ" ਅਤੇ "ਅੰਡ-ਮੋਚਨ" ਦੇ ਬਾਅਦ ਵਾਲ਼ੀਆਂ ਹਾਲਤਾਂ ਦੌਰਾਨ "ਬੱਚੇ ਦਾਨੀ ਦੀ ਟਿਯੂਬ" (ਢਿੰਬ-ਨਾਲ਼ੀ) ਦਾ "ਪਾਰਗਮਨ ("ਟ੍ਰਾਂਸਮਿਸ਼ਨ") ਬਿਜਲਾਣੂ ("ਇਲੈੱਕਟ੍ਰੌਨ") ਖ਼ੁਰਦਬੀਨ" ("ਮਾਈਕ੍ਰੋਸਕੋਪ") ਰਾਹੀਂ ਅਧਿਐਨ

ਬੱਚੇਦਾਨੀ ਦੇ ਸਿੰਙ ਨੁਮਾ ("ਹੌਰਨ") ਹਿੱਸੇ ਅਤੇ ਪ੍ਰਮੁੱਖ ਦੇਹ ("ਬਾਡੀ") ਦੀ ਸਭ ਤੋਂ ਅੰਦਰਲੀ ਪਰਤ ਦੀ ਸਤਹ ("ਐਪੀਥੀਲੀਯਮ") "ਬਾਲਾਂਨੁਮਾ ਰੋਮਾਂ ("ਸੀਲੀਏਟਿੱਡ") ਅਤੇ "ਬਗ਼ੈਰ-ਸੀਲੀਏਟਿੱਡ" ਵਾਲ਼ੀ ਕੋਸ਼ਿਕਾਵਾਂ ਦੀ ਬਣੀ ਸੀ।

ਵੈਟਨਰੀ ਮਾਈਕ੍ਰੋਬਾਇਓਲੋਜੀ ਵਿਭਾਗ

"ਗਲ-ਘੋਟੂ" ("ਹੈਮਰ੍ਹੈਜ਼ਿੱਕ ਸੈਪੱਟੀਸੀਮੀਆ")

ਗਊਆਂ, ਮੱਝਾਂ, ਭੇਡਾਂ, ਬੱਕਰੀਆਂ, ਘੋੜਿਆਂ ਅਤੇ ਸੂਰਾਂ ਤੋਂ ਕੁਲ 353 ਨਮੂਨੇ ਇਕੱਠੇ ਕੀਤੇ ਗਏ। ਇਨ੍ਹਾਂ ਨਮੂਨਿਆਂ 'ਚੋਂ 10 (2.8 ਪ੍ਰਤਿਸ਼ਤ) ਵਿਚੋਂ, "*ਪਾਸਚਯੂਰੈੱਲਾ ਮਲਟੋਸੀਡਾ*" ਕੀਟਾਣੂ ਅਲੱਗ ਕੀਤੇ ਗਏ (ਗਊਆਂ ਵਿਚੋਂ 2, ਮੱਝਾ ਵਿਚੋਂ 7 ਅਤੇ ਸੂਰ ਵਿਚੋਂ 1)। ਇਨ੍ਹਾਂ ਕੀਟਾਣੂਆਂ ਨੂੰ ਮਾਰਨ ਲਈ ਕੀਟਾਣੂਨਾਸ਼ਕ ਦਵਾਈ ("ਐਨਟੀਬਾਓਟਿੱਕ") ਦੀ ਸਹੀ ਪਹਿਚਾਣ ਦੇ ਰੁਝਾਨ ਨੇ ਪ੍ਰਗਟ ਕੀਤਾ ਕਿ, "ਐੱਨਰੋਫ਼ਲੌਕੱਸਾਸਿਨ", "ਜੈਨਟਾਮਾਈਸਿਨ", "ਸੀਫ਼ੋਟੈੱਕਸਾਈਮ", "ਸਿਫ਼ੈਲੈੱਕਸਿਨ" ਅਤੇ "ਪੀਫ਼ਲੌਕੱਸਾਸਿਨ" (ਘੱਟਦੇ ਕ੍ਰਮ ਵਿਚ) ਸਾਰੇ ਕੀਟਾਣੂਆਂ (10) ਪ੍ਰਤਿ ਅਸਰਦਾਰ ਸਨ ਅਤੇ "ਸਟ੍ਰੈਪਟੋਮਾਈਸਿਨ" ਬੇਅਸਰ ਸੀ।

"ਪੀ. ਮਲਟੋਸੀਡਾ" ("ਗਲ-ਘੋਟੂ" ਦੇ ਕੀਟਾਣੂ) ਦੀ "ਬੀ:2" (B:2) ਪ੍ਰਕਾਰ ("ਟਾਈਪ") ਦਾ, ਚੂਹਿਆਂ ਦੀਆਂ "ਫ਼ੈਗੋਸਿਟਿਕ ਕੋਸ਼ਿਕਾਵਾਂ" ਦੁਆਰਾ ਆਹਾਰ-ਰੂਪ ਵਿਚ ਧਾਰਨ ਕਰਨਾ ਅਤੇ ਮਾਰਨਾ

ਅਲੱਗ ਕੀਤੇ ਗਏ "*ਪੀ. ਮਲਟੋਸੀਡਾ*" ਕੀਟਾਣੂਆਂ ਦੀ "ਬੀ: 2" ਪ੍ਰਕਾਰ ("ਟਾਈਪ") (ਸੰਖਿਆ= 6) ਦਾ ਚੂਹਿਆਂ ਦੇ ਪੇਟ ਵਿਚ ਪਾਏ ਜਾਣ ਵਾਲ਼ੀ ("ਪੈਰੀਟੋਨੀਅਲ") "ਫ਼ੈਗੋਸਿਟਿਕ ਕੋਸ਼ਿਕਾਵਾਂ" ਦੁਆਰਾ ਆਹਾਰ-ਰੂਪ ਵਿਚ ਧਾਰਨ ਕਰਨ ਦਾ ਮਿਕਦਾਰ 85 ਤੋਂ 99 ਪ੍ਰਤਿਸ਼ਤ ਸੀ। ਗ੍ਰਹਿਣ ਕਰਕੇ ਮਾਰੇ ਜਾਣ ਵਾਲ਼ੇ ਕੀਟਾਣੂਆਂ ਦੀ ਮਾਰੇ ਜਾਣ ਦੀ ਮਿਕਦਾਰ 90-99 ਪ੍ਰਤਿਸ਼ਤ ਸੀ।

"ਜ਼ੌਨਸ ਦੀ ਬਿਮਾਰੀ" (ਆਂਤੜੀਆਂ ਦੀ "ਟੀ ਬੀ" ਨੁਮਾ ਬਿਮਾਰੀ)

"ਕਲੀਨਿਕਲ ਸਰਵੀਸਿਜ਼ ਕੰਪਲੈਕਸ", "ਗੜਵਾਸੂ" (ਲੁਧਿਆਣਾ) ਦੇ "ਡੇਅਰੀ ਫ਼ਾਰਮ" ਅਤੇ ਲੁਧਿਆਣੇ ਦੇ ਵਿਚ ਅਤੇ ਆਸ-ਪਾਸ ਦੀਆਂ "ਗਊਸ਼ਾਲਾਵਾਂ" ਤੋਂ ਲਏ ਗਏ ਕੁਲ 94 ਗੋਹੇ ਦੇ ਨਮੂਨਿਆਂ ਦੀ ਜਾਂਚ, "*ਮਾਈਕੋਬੈਕਟੀਰੀਅਮ ਏਵੀਯਮ* ਸਬ ਸਪੀਸ਼ਿਜ਼ *ਪੈਰਾਟਿਊਬਰਕਿਊਲੋਸਿੱਸ* " ਦੇ ਕੀਟਾਣੂ ਨੂੰ ਅਲੱਗ ਕਰਨ ਅਤੇ ਪਹਿਚਾਨ ਕਰਨ ਤੇ, 32 (34.04 ਪ੍ਰਤਿਸ਼ਤ) ਨਮੂਨਿਆਂ ਵਿਚ "ਐਸਿੱਡ ਫ਼ਾਸਟ ਬੈਸੀਲਾਈ" ਕੀਟਾਣੂ ਦੀ ਪੁਸ਼ਟੀ ਹੋਈ।

"ਬਰੂਸੀਲੋਸਿਸ" (ਪਸ਼ੂਆਂ ਵਿਚ "ਤੂਅ ਜਾਣ ਦੀ ਬਿਮਾਰੀ")

ਤੂਅ ਜਾਣ (ਬੱਚਾ ਸਿੱਟ ਜਾਣ) ਵਾਲ਼ੀਆਂ ਗਊਆਂ ਅਤੇ ਮੱਝਾਂ ਤੋਂ ਕੁਲ 80 ਨਮੂਨੇ, ਇਕੱਠੇ ਕੀਤੇ ਗਏ। ਕੀਟਾਣੂ ਅਲੱਗ ਕਰਨ ਰਾਹੀਂ 11 (13.75 ਪ੍ਰਤਿਸ਼ਤ) ਨਮੂਨਿਆਂ ਅਤੇ "ਪੀ ਸੀ ਆਰ" (PCR) ਰਾਹੀਂ 14 (17.50 ਪ੍ਰਤਿਸ਼ਤ) ਨਮੂਨਿਆਂ ਵਿਚ ਕੀਟਾਣੂ ਹੋਣ ਦੀ ਪੁਸ਼ਟੀ ਹੋਈ। ਕੁਲ 11 ਅਲੱਗ ਕੀਤੇ ਕੀਟਾਣੂਆਂ ਵਿਚੋਂ, ਇਕ ਦੀ ਪਛਾਣ "ਬਾਇਓਟਾਈਪ 2"; ਦੋ ਦੀ ਪਛਾਣ "ਬਾਇਓਟਾਈਪ 3" ਅਤੇ 8 ਦੀ ਪਛਾਣ "ਬਾਇਓਟਾਈਪ 1" ਵਜੋਂ ਹੋਈ। "ਬਰੂਸੈੱਲਾ ਅਬੋਰਟੱਸ" ਕੀਟਾਣੂ ਦਾ ਪ੍ਰਚਲਨ, ਗਊਆਂ ਵਿਚ, 20.51 ਪ੍ਰਤੀਸ਼ਤ ਅਤੇ ਮੱਝਾਂ ਵਿਚ, 14.63 ਪ੍ਰਤਿਸ਼ਤ ਦੇਖਿਆ ਗਿਆ। ਗਊਆਂ ਵਿਚ "ਬਰੂਸੈੱਲਾ" ਕੀਟਾਣੂ ਨੂੰ ਅਲੱਗ ਕਰਨ ਅਤੇ "ਪੀ ਸੀ ਆਰ" (PCR) ਟੈੱਸਟ ਰਾਹੀਂ ਪਛਾਣ ਕਰਨ ਲਈ, "ਸੁੱਟੇ ਗਏ ਬੱਚੇ ਦੇ ਮੇਦ੍ਹੇ ਦਾ ਪਦਾਰਥ" ਸਭ ਤੋਂ ਵਧੀਆ ਨਮੂਨੇ ਵਜੋਂ ਪਾਇਆ ਗਿਆ। ਕੀਟਾਣੂਨਾਸ਼ਕ ਦਵਾਈ ਦੀ ਸਹੀ ਪਛਾਣ ਨੇ ਪ੍ਰਗਟ ਕੀਤਾ ਕਿ "*ਬਰੂਸੈੱਲਾ ਅਬੋਰਟੱਸ*" ਕੀਟਾਣੂਆਂ ਪ੍ਰਤਿ, "ਟੈੱਟਰਾਸਾਈਕਲਿਨ" ਅਤੇ "ਐਮਪੀਸਿਲਿਨ" ਸ਼ਤ ਪ੍ਰਤਿਸ਼ਤ; "ਐਨਰੋਫ਼ਲੋਕਸਾਸਿਨ", "ਜੈਨਟਾਮਾਈਸਿਨ", "ਸਟ੍ਰੈਪੱਟੋਮਾਈਸਿਨ" ਅਤੇ "ਕਲੋਰਮਫ਼ੈਨੀਕੋਲ" 90.91 ਪ੍ਰਤਿਸ਼ਤ; "ਨੀਓਮਾਈਸਿਨ" 81.82 ਪ੍ਰਤਿਸ਼ਤ; "ਨੌਰਫ਼ਲੋਕੱਸਾਸਿਨ" 72.73 ਪ੍ਰਤਿਸ਼ਤ; "ਅਮੋਕੱਸੀਸਿਲਿਨ" 63.64 ਪ੍ਰਤਿਸ਼ਤ ਅਤੇ "ਕੋਟ੍ਰਿਮੋਕੱਸਾਜ਼ੋਲ" ਅਤੇ "ਸਿਫ਼ੈਲੈਕਸਿਨ" 18.18 ਪ੍ਰਤਿਸ਼ਤ ਅਸਰਦਾਰ ਸਨ ਜਦਕਿ "ਪੈਂਨਸਿਲਿਨ" ਬੇਅਸਰ ਸੀ। ਖ਼ੂਨ ਦੀ ਜਾਂਚ ਦੁਆਰਾ ਬਿਮਾਰੀ ਦੀ ਪਰਖ ਕਰਨ ਲਈ, "ਕਲੀਨਿਕਲ ਸਰਵੀਸਿਜ਼ ਕੰਮਪਲੈਕੱਸ" ਅਤੇ "ਗੜਵਾਸੂ" (ਲੁਧਿਆਣਾ) ਦੇ "ਡੇਅਰੀ ਫਾਰਮ" ਤੋਂ ਲਏ ਗਏ ਗਊਆਂ ਅਤੇ ਮੱਝਾਂ ਦੇ ਖ਼ੂਨ ਦੇ ਨਮੂਨਿਆਂ ਦੀ, "ਬਰੂਸੀਲੋਸਿਸ" ਦੀ ਬਿਮਾਰੀ ਦੇ ਪ੍ਰਚਲਨ ਦਾ ਅਧਿਐਨ ਕਰਨ ਲਈ, "ਆਰ ਬੀ ਪੀ ਟੀ" (RBPT) ਟੈੱਸਟ ਦੀ ਵਰਤੋਂ ਕਰਕੇ ਜਾਂਚ ਕੀਤੀ ਗਈ। ਕੁਲ 66 ਨਮੂਨਿਆਂ ਵਿਚੋਂ 16 (24. 24 ਪ੍ਰਤਿਸ਼ਤ) ਵਿਚ "ਬਰੂਸੀਲੋਸਿਸ" ਦੀ ਬਿਮਾਰੀ ਦੀ ਪੁਸ਼ਟੀ ਹੋਈ।

"ਬਰੂਸੈੱਲਾ" ਕੀਟਾਣੂ ਦੇ ਖਿਲਾਫ਼ ਖ਼ੂਨ ਵਿਚ ਬਣੀਆਂ "ਰੋਗਨਾਸ਼ਕ ਪ੍ਰਤਿਰੋਧਕ ਅੰਸ਼ਾਂ" ("ਐਂਨਟੀਬੌਡੀਜ਼") ਦੀ ਪਛਾਣ ਕਰਨ ਲਈ, ਕੁਲ 28 ਖ਼ੂਨ ਦੇ ਨਮੂਨਿਆਂ [ਜਿਨ੍ਹਾਂ ਵਿਚ 18 ਨਮੂਨੇ "ਬਰੂਸੀਲੋਸਿਸ" ਦੀ ਅੰਦੇਸ਼ੇ ਵਾਲ਼ੀਆਂ ਗਊਆਂ ਅਤੇ ਮੱਝਾਂ ਤੋਂ ਅਤੇ

10 ਆਮ ਸਿਹਤਮੰਦ ("ਬਰੂਸੀਲੋਸਿਸ" ਤੋਂ ਅਪ੍ਰਭਾਵਿਤ) ਗਊਆਂ ਅਤੇ ਮੱਝਾਂ ਵਾਲ਼ੇ ਨਮੂਨੇ ਸ਼ਾਮਿਲ ਸਨ] ਦਾ ਤਿੰਨ ਖ਼ੂਨ ਦੀ ਪਰਖ ਕਰਨ ਵਾਲ਼ੇ ਟੈਸਟਾਂ ("ਆਰ ਬੀ ਪੀ ਟੀ", RBPT "ਐੱਸ ਟੀ ਏ ਟੀ", STAT ਅਤੇ "ਡੌਟ-ਐਲਾਈਜ਼ਾ") ਦੀ ਤੁਲਨਾਤਮਕ ਕਾਰਗਰੀ ਦਾ ਮੁੱਲਾਂਕਣ ਕੀਤਾ ਗਿਆ। "ਡੌਟ-ਐਲਾਈਜ਼ਾ" ਟੈਸਟ, ਵਰਤੋ ਵਿਚ ਲਿਆਂਦੇ ਗਏ ਤਿੰਨਾਂ ਟੈਸਟਾਂ ਵਿਚੋਂ ਸਭ ਤੋਂ ਵੱਧ ਸੰਵੇਦਕ ਪਾਇਆ ਗਿਆ। ਫਿਰ ਵੀ ਇਹ ਸਲਾਹ ਦਿੱਤੀ ਜਾਂਦੀ ਹੈ ਕਿ "ਬਰੂਸੈੱਲਾ" ਛੂਤ ਦੇ ਕੀਟਾਣੂ ਦੇ ਰੋਗ ਦੀ ਸਹੀ ਪਰਖ ਪ੍ਰਾਪਤ ਕਰਨ ਲਈ "ਆਰ ਬੀ ਪੀ ਟੀ" (RBPT) ਅਤੇ "ਡੌਟ-ਐਲਾਈਜ਼ਾ" ਦਾ ਮੇਲ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ, ਖ਼ਾਸ ਤੌਰ ਤੇ ਉਨ੍ਹਾਂ ਮਾਮਲਿਆਂ ਵਿਚ ਜਿੱਥੇ ਨਮੂਨੇ, ਇੱਕਲੇ ਜਾਂ ਤਾਂ "ਆਰ ਬੀ ਪੀ ਟੀ" (RBPT) ਦੁਆਰਾ ਜਾਂ "ਐੱਸ ਟੀ ਏ ਟੀ" (STAT) ਦੁਆਰਾ ਜਾਂ ਇਨ੍ਹਾਂ ਦੇ ਮੇਲ ਦੁਆਰਾ ਨੈਗੇਟਿਵ ਪਾਏ ਜਾਂਦੇ ਹਨ।

"ਸਾਲਮੋਨੈੱਲੋਸਿਸ"

ਮੌਕ ਲੱਗੇ ਪਸ਼ੂਆਂ ਤੋਂ ਲਏ ਗਏ ਕੁਲ ਪੰਜਾਹ (50) ਨਮੂਨਿਆਂ ਦੀ ਪਰਖ, "*ਸਾਲਮੋਨੈੱਲਾ*" ਕੀਟਾਣੂ ਨੂੰ ਅਲੱਗ ਕਰਨ ਲਈ ਕੀਤੀ ਗਈ। ਇਸ ਅਉਧੀ ਦੌਰਾਨ, 2 ਨਮੂਨਿਆਂ (4 ਪ੍ਰਤਿਸ਼ਤ) ਵਿਚ "*ਸਾਲਮੋਨੈੱਲਾ*" ਸਪੀਸਿਜ਼ ਦੀ ਪੁਸ਼ਟੀ ਹੋਈ। ਤਿੰਨ ਅਲੱਗ ਕੀਤੇ ਕੀਟਾਣੂਆਂ ਦੀ "ਸੀਰੋਟਾਈਪ" ਦੀ ਪਰਖ ਤੇ ਉਹਨਾਂ ਦੀ ਪੁਸ਼ਟੀ, "*ਸਾਲਮੋਨੈੱਲਾ* ਐਨੱਟ੍ਰਾਈਟਿਡਿਸ", "*ਸਾਲਮੋਨੈੱਲਾ* ਡੱਬਲਿੱਨ" ਅਤੇ "*ਸਾਲਮੋਨੈੱਲਾ* ਟਾਈਫ਼ੀਮਯੂਰਿਅਮ" ਵਜੋਂ ਹੋਈ।

ਕੁੱਤਿਆਂ ਵਿਚ "ਪਾਰਵੋਵਾਇਰਸ" ਛੂਤ ਦਾ ਰੋਗ

ਮੌਕ ਤੋਂ ਗ੍ਰਸਤ ਬਿਮਾਰੀ ਵਾਲ਼ੇ "ਪਾਰਵੋਵਾਇਰਸ" ਛੂਤ ਦੇ ਰੋਗ ਦੇ ਅੰਦੇਸ਼ੇ ਵਾਲ਼ੇ ਕੁੱਤਿਆਂ ਤੋਂ ਕੁਲ, 13 ਮਲ (ਟੱਟੀ) ਦੇ ਨਮੂਨੇ ਇਕੱਠੇ ਕੀਤੇ ਗਏ। ਨੌ (9) ਨਮੂਨੇ, ਪੀ ਸੀ ਆਰ (PCR) ਅਤੇ "ਨੈਸਟਿੱਡ ਪੀ ਸੀ ਆਰ" ਦੁਆਰਾ ਪਾਜ਼ੀਟਿਵ ਪਾਏ ਗਏ।

11. ਵੈਟਨਰੀ ਪੈਰਾਸਾਈਟੌਲੋਜੀ (ਪਰਜੀਵੀ-ਵਿਗਿਆਨ) ਵਿਭਾਗ

ਘੋਂਗਿਆਂ ਨੂੰ ਕਾਬੂ ਕਰਨ (ਰੋਕਣ) ਲਈ ਜੜੀ-ਬੂਟੀਆਂ ਤੋਂ ਤਿਆਰ ਕੀਤੀ ਦਵਾਈ ਦਾ "ਮਾਨਕੀਕਰਨ"

"ਧਤੂਰੇ ਦੇ ਪੱਤਿਆਂ" ਦਾ ਘੋਂਗਿਆਂ ਨੂੰ ਮਾਰ ਸਕਣ ਦੇ ਪ੍ਰਭਾਵ ਦੀ "*ਗਾਇਰੌਲਸ*" ਕਿਸਮ ਦੇ ਘੋਂਗਿਆਂ "*ਕਰਵੈੱਕਸੀਅਸਕਿਯੂਲਸ*" ਅਤੇ "*ਇੱਨਡੋਪਲੈਨੌਰਬਿਸ ਐੱਗਜ਼ੂਸਟਸ*" ਦੇ ਖਿਲਾਫ਼ ਜਾਂਚ-ਪੜਤਾਲ ਕੀਤੀ ਗਈ। "ਧਤੂਰੇ ਦੇ ਪੱਤਿਆਂ" ਦਾ ਕੱਚਾ-ਪਿੱਲਾ ਅਰਕ, "ਪਾਣੀ" ਅਤੇ "ਅਲਕੋਹਲ" ("ਮੀਥੈਨੌਲ") ਵਿਚ ਤਿਆਰ ਕੀਤਾ ਗਿਆ। ਮੁੱਢਲੇ ਅਧਿਐਨ ਨੇ ਪ੍ਰਗਟ ਕੀਤਾ ਕਿ "ਅਲਕੋਹਲ ("ਮੀਥੈਨੌਲ") ਵਾਲ਼ੇ" ਅਰਕ ਵਿਚ ਬਿਹਤਰ ਘੋਂਗਾਨਾਸ਼ਕ ਕ੍ਰਿਆ ਹੈ।

ਗਊਆਂ ਦੇ ਚਿੱਚੜ ("ਬੂਫ਼ਾਈਲੱਸ ਮਾਈਕ੍ਰੋਪਲਸ") ਦਾ ਪ੍ਰਤਿਰੱਖਿਆ ਦੁਆਰਾ ਰੋਕਥਾਮ

ਐੱਫ਼.ਏ.ਓ (FAO), 2004 ਮੁਤਾਬਿਕ "ਬਾਲਗ਼ ਜਲ ਪ੍ਰਵਾਹ ਟੈਸਟ ("ਏ ਆਈ ਟੀ") ਰਾਹੀਂ "ਡੈਲਟਾਮੈਥ੍ਰਿਨ" ਦੀ ਕਾਰਗਰੀ ਦਾ ਮੁੱਲਾਂਕਣ ਕਰਨ ਲਈ ਇਕ ਅਧਿਐਨ ਕੀਤਾ ਗਿਆ ਅਤੇ ਇਸ ਪ੍ਰਕਾਰ "ਹੈਬੋਵਾਲ ਡੇਅਰੀ ਕੰਪਲੈਕੱਸ", ਲੁਧਿਆਣਾ (ਪੰਜਾਬ) ਤੋਂ ਇਕੱਠੇ ਕੀਤੇ "*ਬੂਫ਼ਾਈਲਸ ਮਾਈਕ੍ਰੋਪਲਸ*" ਚਿੱਚੜਾਂ ਵਿਚ, ਇਸ ਦਵਾਈ ਪ੍ਰਤਿ ਵਿਕਸਿਤ ਹੋ ਰਹੀ ਬੇਅਸਰੀ ਦੀ

ਪਛਾਣ ਕੀਤੀ ਗਈ। "ਡੈਲਟਾਮੈਥ੍ਰਿਨ" ਦੀ "*ਬੂਫ਼ਾਈਲੱਸ ਮਾਈਕ੍ਰੋਪਲਸ* " ਚਿੱਚੜ ਪ੍ਰਤਿ "ਡੋਜ਼ (ਮਾਤਰਾ) ਆਧਾਰਿਤ ਮ੍ਰਿਤੂ-ਦਰ" ਪਸ਼ੂਆਂ ਵਿਚ ਚਿੰਬੜੀਆਂ ਅਤੇ ਖ਼ੂਨ ਨਾਲ਼ ਭਰੀਆਂ ਮਾਦਾ ਚਿੱਚੜੀਆਂ ਨੂੰ "ਡੈਲਟਾਮੈਥ੍ਰਿਨ" ਦਵਾਈ ਦੇ 0.0025 ਤੋਂ 0.0125 ਪ੍ਰਤਿਸ਼ਤ ਪਤਲੇਪਣ ਦੀ ਮਿਕਦਾਰ ਨਾਲ਼ ਪ੍ਰਭਾਵਿਤ ਕਰਕੇ ਅਤੇ ਇਸ ਵਤੀਰੇ ਦੇ ਅਸਰ ਦਾ ਮੁੱਲਾਂਕਣ ਪ੍ਰਭਾਵਿਤ ਅਤੇ ਅਪ੍ਰਭਾਵਿਤ ਚਿੱਚੜੀਆਂ ਵਿਚ "ਆਂਡੇ ਪੈਦਾ ਕਰਨ ਦੀ ਸ਼ਕਤੀ" ਅਤੇ "ਜਣਨ-ਸ਼ਕਤੀ" ਦੀ ਤੁਲਨਾ ਕਰ ਕੇ ਕੱਢੀ ਗਈ।

ਪੰਜਾਬ ਰਾਜ ਦੇ ਵੱਖੋ-ਵੱਖਰੇ ਖੇਤੀਬਾੜੀ ਜਲਵਾਯੂ ਹਿੱਸਿਆਂ ("ਜ਼ੋਨਸ") ਵਿਚ ਪਸ਼ੂ-ਧਨ ਉਤਪਾਦਕਤਾ ਵਧਾਉਣ ਲਈ ਪਾਲਤੂ ਪਸ਼ੂਆਂ ਵਿਚ ਪਰਜੀਵੀ ਬਿਮਾਰੀਆਂ ਦਾ ਏਕੀਕਰਨ ਪ੍ਰਬੰਧ ਅਤੇ ਰੋਕਥਾਮ

ਗਊਆਂ ਅਤੇ ਮੱਝਾਂ ਅਤੇ ਦੋਗਲੀ ਨਸਲ ਦੇ ਵੱਛਿਆਂ ਤੋਂ ਇਕੱਠੇ ਕੀਤੇ ਨਮੂਨਿਆਂ ਵਿਚ "*ਕ੍ਰਿਪਟੋਸਪੋਰੀਡੀਅਮ ਪਾਰਵਮ* " ਪਰਜੀਵੀ ਦੇ "ਐਂਨਟੀਜਨ" ਦੀ ਪਛਾਣ ਲਈ ਇਕ ਪ੍ਰਤਿਰੱਖਿਆ ਆਧਾਰਿਤ ਜਾਂਚ ("ਇੱਮਯੂਨੋਐਂਸੇ") ਦੀ ਵਰਤੋਂ ਕੀਤੀ ਗਈ। ਇਹ ਨਿਰੀਖਣ ਕੀਤਾ ਗਿਆ ਕਿ ਲੁਧਿਆਣੇ ਦੇ ਵਿਚ ਅਤੇ ਆਸ-ਪਾਸ ਵਾਲੇ ਪੰਜ ਡੇਅਰੀ- ਫਾਰਮਾਂ ਉੱਤੇ "*ਸੀ. ਪਾਰਵਮ* " ਦਾ "ਐਂਨਟੀਜੈਨਿਕ ਪ੍ਰਚਲਨ", ਕਟਰੂਆਂ ਵਿਚ 30.76 ਪ੍ਰਤਿਸ਼ਤ, ਵੱਛਿਆਂ ਵਿਚ 14.28 ਪ੍ਰਤਿਸ਼ਤ ਅਤੇ ਕੁਲ ਮਿਲਾ ਕੇ ਇਕ ਸਾਲ ਤੋਂ ਘੱਟ ਉਮਰ ਵਾਲ਼ੇ ਕਟਰੂਆਂ/ਵੱਛਿਆਂ ਵਿਚ 20 ਪ੍ਰਤਿਸ਼ਤ ਸੀ।

ਕੁੱਤਿਆਂ ਦੇ ਖ਼ੂਨ ਦੇ ਨਮੂਨਿਆਂ ਵਿਚ "ਈ. ਕੈਨਿਸ" ਪਰਜੀਵੀ ਪ੍ਰਤਿ ਰੋਗਨਾਸ਼ਕ ਅੰਸ਼ਾਂ ("ਐਂਨਟੀਬੌਡੀਜ਼") ਦੀ ਮੌਜੂਦਗੀ ਦੀ ਪਛਾਣ ਕਰਨ ਲਈ "ਇੱਮਯੂਨੋਕੌਂਬ ® ਪਰੀਖਿਆ ਟੈਂਸਟ" ਦਾ ਮੁੱਲਾਂਕਣ

ਖ਼ੂਨ ਦੇ 60 ਨਮੂਨਿਆਂ ਵਿਚੋਂ, 48 ਨਮੂਨਿਆਂ ਵਿਚ "*ਈ.ਕੈਨਿਸ* " ਪਰਜੀਵੀ ਨਾਲ਼ ਪ੍ਰਤਿਕ੍ਰਿਆ ਕਰਨ ਵਾਲ਼ੇ ਪ੍ਰਤਿ ਰੋਗਨਾਸ਼ਕ ਅੰਸ਼ਾਂ ("ਐਂਨਟੀਬੌਡੀਜ਼") ਦੀ ਪਛਾਣ ਹੋਈ।

12. ਵੈਟਨਰੀ ਪੈਥੋਲੋਜੀ ਵਿਭਾਗ

ਪੋਲਟ੍ਰੀ ਦੀਆਂ ਉਭਰਦੀਆਂ ਬਿਮਾਰੀਆਂ

ਇਸ ਰਿਪੋਰਟ ਦੇ ਅੰਤਰਗਤ ਸਮੇਂ ਦੀ ਅਉਧੀ ਦੌਰਾਨ, ਕੁਲ 7743 ਪੰਛੀਆਂ ਦੀ ਮਰਨ-ਉਪਰੰਤ ਜਾਂਚ ਕੀਤੀ ਗਈ, ਜਿਨ੍ਹਾਂ ਵਿਚ 3847 "ਬਟੇਰ", 3022 "ਬਰਾਇਲਰ", 846 "ਆਂਡੇ ਦੇਣ ਵਾਲ਼ੀਆਂ ਮੁਰਗੀਆਂ", 25 "ਟਰਕੀ" ਅਤੇ 3 "ਕਬੂਤਰ" ਸ਼ਾਮਿਲ ਸਨ। "ਬਟੇਰਾਂ" ਵਿਚ ਪਰਖ ਤੋਂ ਪਤਾ ਲੱਗੀਆਂ ਪ੍ਰਮੁੱਖ ਬਿਮਾਰੀਆਂ, ਆਂਡੇ ਦੇ ਪੀਲੇ ਅੰਸ਼ ਦੀ ਥੈਲੀ ("ਯੋਕ-ਸੈਕ") ਦਾ ਛੂਤ ਦਾ ਰੋਗ, ਉੱਲੀ ਤੋਂ ਹੋਣ ਵਾਲ਼ਾ "ਨਿਯੂਮੋਨੀਆ", "ਹੈਪੇਟਾਈਟਿੱਸ" (ਜਿਗਰ ਦੀ ਜਲਣ ਅਤੇ ਸੋਜ), "ਸਾਲਪਿੰਜਾਈਟਿੱਸ" ("ਡਿੰਬ-ਟਿਯੂਬਾਂ" ਦੀ ਜਲਣ ਅਤੇ ਸੋਜ) ਅਤੇ "ਉਫ਼ੋਰਾਈਟਿੱਸ " (ਡਿੰਬ-ਗ੍ਰੰਥੀਆਂ ਦੀ ਜਲਣ ਅਤੇ ਸੋਜ) ਸਨ। ਬਟੇਰਾਂ ਵਿਚ, ਨਾਲ਼ ਹੀ ਕਈ ਮਾਮਲਿਆਂ ਵਿਚ ਪਰਖ ਦੌਰਾਨ, ਸਿਰ, ਖੰਭਾਂ ਅਤੇ/ਜਾਂ ਲੱਤਾਂ ਦੀ ਚੋਟਾਂ ਦੀ ਪਛਾਣ ਹੋਈ। "ਬਰਾਇਲਰ ਚੂਚਿਆਂ" ਵਿਚ ਪਰਖ ਤੋਂ ਪਤਾ ਲੱਗੀਆਂ ਪ੍ਰਮੁੱਖ ਬਿਮਾਰੀਆਂ, "ਔਮਫ਼ੇਲਾਈਟਿੱਸ" ਅਤੇ/ਜਾਂ ਯੋਕ-ਸੈਕ (ਆਂਡੇ ਦੀ ਪੀਲੇ ਅੰਸ਼ ਦੀ ਥੈਲੀ) ਦਾ ਛੂਤ ਦਾ ਰੋਗ, "ਰਿੱਕੇਟਸ" ("ਕੈਲਸ਼ੀਅਮ" ਦੀ ਘਾਟ ਤੋਂ ਹੋਣ ਵਾਲ਼ਾ ਹੱਡੀਆਂ ਦੇ ਸੋਕੇ ਦਾ ਰੋਗ), "ਬਰੂਡਰ ਨਿਯੂਮੋਨੀਆ", "ਕਾਕੱਸੀਡੀਓਸਿੱਸ" (ਆਂਤੜੀਆਂ ਦੇ ਇਕ ਪਰਜੀਵੀ ਕਿਸਮ ਤੋਂ ਹੋਣ ਵਾਲ਼ੀ ਖ਼ੂਨੀ ਮੋਕ ਦਾ ਰੋਗ), "ਇਨਕਲਯੂਜਨ ਬੌਡੀ ਹੈਪੇਟਾਈਟਿੱਸ" (ਜਿਗਰ ਦੀ ਜਲਣ ਅਤੇ ਸੋਜ ਦਾ ਰੋਗ), "ਹਾਈਡ੍ਰੋਪੈਰੀਕਾਰਡੀਅਮ ਸਿਨਡ੍ਰੋਮ" (ਦਿਲ ਦੀ ਬਾਹਰਲੀ ਪਰਤਾਂ

ਵਿਚ ਪਾਣੀ ਭਰਨ ਤੋਂ ਹੋਣ ਵਾਲ਼ਾ ਰੋਗ), "ਏਸਾਈਟੀਜ਼ ਸਿਨਡ੍ਰੋਮ" (ਪੇਟ ਵਿਚ ਪਾਣੀ ਭਰਨ ਤੋਂ ਹੋਣ ਵਾਲ਼ਾ ਰੋਗ), "ਇਨਫੈਕਸ਼ੀਅਸ ਬਰਸਲ ਡਿਜ਼ੀਜ਼" (ਗੰਬੋਰੋ ਦੀ ਬਿਮਾਰੀ), "ਐਰੋਸੈਕੂੱਲਾਈਟਿੱਸ" (ਪੰਛੀਆਂ ਦੀ "ਹਵਾ-ਥੈਲੀਆਂ" ਦੀ ਜਲਣ ਅਤੇ ਸੋਜ ਦੀ ਬਿਮਾਰੀ) "ਕੋਰਾਈਜ਼ਾ" (ਉਪਰਲੀਆਂ ਸੁਆਸ ਨਲ਼ੀਆਂ ਵਿਚ ਛੂਤ ਰੋਗ) ਅਤੇ "ਕ੍ਰੋਨਿਕ ਰੈਸਪਿਰੇਟ੍ਰੀ ਡਿਜ਼ੀਜ਼" (ਸੁਆਸ ਸੰਬੰਧੀ ਦੀਰਘ ਰੋਗ) ਸਨ। ਆਂਡੇ ਦੇਣ ਵਾਲ਼ੀਆਂ ("ਲੇਅਰ") ਮੁਰਗੀਆਂ ਅਤੇ "ਪੇਰੰਟ ਫ਼ਲਾਕਸ" (ਅੱਗੇ ਬੱਚੇ ਲੈਣ ਲਈ ਰੱਖੇ ਗਏ ਸਮੂਹ) ਵਿਚ ਪਰਖ ਤੋਂ ਪਤਾ ਲੱਗੀਆਂ ਬਿਮਾਰੀਆਂ, "ਮੇਰਕਸ ਰੋਗ", "ਲਿਮਫ਼ਾਇਡ ਲਿਯੂਕੋਸਿੱਸ", ਜਿਗਰ ਅਤੇ ਤਿੱਲੀ ਦਾ ਵਧਣਾ, "ਊਫ਼ੋਰਾਈਟਿੱਸ" (ਡਿੰਬ-ਗ੍ਰੰਥੀਆਂ ਦੀ ਜਲਣ ਅਤੇ ਸੋਜ), "ਸਾਲਪਿੰਜਾਈਟਿੱਸ" (ਡਿੰਬ-ਟਿਯੂਬਾਂ ਦੀ ਜਲਣ ਅਤੇ ਸੋਜ), "ਐੱਗ ਪੈਰੀਟੋਨਾਈਟਿੱਸ" (ਆਂਡੇ ਤੋਂ ਹੋਣ ਵਾਲ਼ੀ "ਪੇਟ ਦੀ ਝਿੱਲੀ" ਦੀ ਜਲਣ ਅਤੇ ਸੋਜ), "ਔਰਕਾਈਟਿੱਸ" (ਅੰਡ-ਕੋਸ਼ਾਂ ਦੀ ਥੈਲੀ ਦੀ ਜਲਣ ਅਤੇ ਸੋਜ), "ਹੀਟ-ਸਟ੍ਰੋਕ" (ਗਰਮੀ ਤੋਂ ਹੋਣ ਵਾਲੀ ਮਾਰ), ਜਿਗਰ ਦਾ ਫਟਣਾ ਜਾਂ ਖ਼ੂਨ ਦਾ ਅੰਦਰ ਹੀ ਅੰਦਰ ਰਿਸਣਾ, ਉੱਲੀ ਦਾ ਜਹਿਰਵਾਦ, "ਕੱਕਸੀਡੀਓਸਿੱਸ", ਮੜ੍ਹਪਾਂ/ ਕਿਰਮਾਂ ਦੀ ਬਿਮਾਰੀ, ਦੁਬਲਾਪਨ (ਕਮਜੋਰੀ) ਅਤੇ "ਔਸਟੀਓਮਲੇਸ਼ੀਆ" (ਖ਼ੂਨ ਵਿਚ "ਕੈਲਸ਼ੀਅਮ" ਦੀ ਘਾਟ ਤੋਂ ਹੋਣ ਵਾਲ਼ੀ ਹੱਡੀਆਂ ਦੀ ਇਕ ਬਿਮਾਰੀ) ਸਨ। "ਟਰਕੀਆਂ" ਵਿਚ "*ਐੱਸਪਰਜੀਲਸ ਫਯੂਮੀਗੇਟਸ* " ਅਤੇ "*ਰ੍ਹਾਈਜ਼ੋਪਸ ਸਪੀਸਿਜ਼* " ਦੇ ਸੰਯੁਕਤ ਰੂਪ ਵਿਚ ਹੋਣ ਵਾਲ਼ੇ ਉੱਲੀ ਦੇ, ਛੂਤ ਤੋਂ ਹੋਣ ਵਾਲ਼ੇ "ਬਰੂਡਰ ਨਿਯੂਮੋਨੀਆ" ਦੀ ਪਰਖ ਕੀਤੀ ਗਈ। "ਕਬੂਤਰ", ਪ੍ਰਮੁੱਖ ਤੌਰ ਤੇ ਮੜ੍ਹਪਾਂ/ਕਿਰਮਾਂ ਅਤੇ ਦਿਮਾਗ ਦੀ ਖ਼ਰਾਬੀ ਤੋਂ ਹੋਣ ਵਾਲ਼ੇ ਰੋਗਾਂ ਤੋਂ ਗ੍ਰਸਤ ਪਾਏ ਗਏ। ਬਿਮਾਰੀਆਂ ਦੇ ਪਰਖ ਦੇ ਆਧਾਰ ਤੇ ਮੁਰਗੀ-ਪਾਲਕਾਂ ਨੂੰ, ਪਾਈ ਗਈ ਬਿਮਾਰੀ/ਹਾਲਾਤ ਦੇ ਖਿਲਾਫ਼ ਢੁੱਕਵੇਂ ਇਲਾਜ-ਸੰਬੰਧੀ ਸੁਧਾਰ-ਸੰਬੰਧੀ/ਰੋਕਥਾਮ-ਸੰਬੰਧੀ ਉਪਾਉ ਬਾਰੇ ਸਲਾਹ ਦਿੱਤੀ ਗਈ।

ਇਸ ਦੇ ਨਾਲ਼ ਹੀ ਆਂਡੇ ਦੇਣ ਵਾਲੀਆਂ ਮੁਰਗੀਆਂ ("ਲੇਅਰਜ਼") ਵਿਚ "ਬ੍ਰੋਮਾਡਾਓਲੋਨ" ਦੇ ਜਹਿਰਵਾਦ ਦੇ ਪ੍ਰਭਾਵ ਨੂੰ ਸਪਸ਼ਟ ਕਰਨ ਲਈ ਇਕ ਪ੍ਰਯੋਗਤਾਮਕ ਅਧਿਐਨ ਕੀਤਾ ਗਿਆ। ਮੁਰਗੀਆਂ ਦੇ ਇਕ ਸਮੂਹ ਨੇ 40 ਦਿਨਾਂ ਲਈ "ਬ੍ਰੋਮਾਡਾਓਲੋਨ" (5 ਮਿਲੀਗ੍ਰਾਮ/ਕਿਲੋਗ੍ਰਾਮ ਆਹਾਰ ਦੀ ਦਰ ਤੇ) ਪ੍ਰਾਪਤ ਕੀਤਾ ਅਤੇ ਦੂਸਰੇ ਸਮੂਹ ਨੂੰ "ਕੰਟ੍ਰੋਲ" (ਬਿਨ੍ਹਾਂ-"ਬ੍ਰੋਮਾਡਾਓਲੋਨ") ਰੱਖਿਆ ਗਿਆ। "ਕ੍ਰਿਏਟਿਨਿਨ ਕਾਈਨੇਜ਼" ("ਸੀ ਕੇ", CK) ਅਤੇ "ਐੱਲਕੇਲਾਈਨ ਫੌਸਫ਼ੇਟੇਜ" ("ਏ ਕੇ ਪੀ", AKP) ਕੋਸ਼ਿਕਾ ਰਸਾਂ ਦੀ ਸਰਗਰਮੀ "ਬਰੋਮਾਡਾਓਲੋਨ" ਦੇਣ ਤੋਂ ਬਾਅਦ ਸਾਰਥਕ ਰੂਪ ਵਿਚ ਵੱਧ ਗਈ। ਵੱਖੋ-ਵੱਖਰੇ ਤੰਤੂਆਂ ਦੇ "ਤੰਤੂ-ਰੋਗ" ਸੰਬੰਧੀ ਅਧਿਐਨ ਨੇ ਵਿਸਤ੍ਰਿਤ ਰੂਪ ਵਿਚ ਖ਼ੂਨ ਦਾ ਰਿਸਾਵ ਪ੍ਰਗਟ ਕੀਤਾ।

ਹਲਕਾਅ (ਰੇਬੀਜ਼)

ਵੱਖੋ-ਵੱਖਰੇ ਪਸ਼ੂਆਂ ਵਿਚ "ਹਲਕਾਅ" ਦੀ ਬਿਮਾਰੀ ਦੀ ਪਰਖ ਕਰਨ ਲਈ ਪਸ਼ੂ-ਪਾਲਕਾਂ ਨੂੰ ਪਰਖ-ਸੰਬੰਧੀ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਕੁਲ 61 ਪਸ਼ ਸਨ, ਜਿਨ੍ਹਾਂ ਵਿਚ 25 "ਕੁੱਤੇ", 19 "ਮੱਝਾਂ", 11 "ਗਊਆਂ", 3 "ਘੋੜੇ" ਅਤੇ "ਸੂਰ", "ਗਿੱਦੜ" ਅਤੇ "ਲੂੰਬੜ" ਦਾ ਇੱਕ-ਇਕ ਪਸ਼ੂ ਸ਼ਾਮਿਲ ਸੀ। ਇਨ੍ਹਾਂ ਵਿਚੋਂ 41 ਪਸ਼ੂਆਂ ਵਿਚ "ਹਲਕਾਅ" ਦੀ ਬਿਮਾਰੀ ਦੀ ਪੁਸ਼ਟੀ ਹੋਈ, ਜਿਨ੍ਹਾ ਵਿਚੋਂ 16 ਕੁੱਤੇ, 13 ਮੱਝਾਂ, 9 ਗਊਆਂ ਅਤੇ ਸੂਰ, ਘੋੜਾ ਅਤੇ ਗਿੱਦੜ ਦਾ ਇਕ-ਇਕ ਪਸ਼ੂ ਸ਼ਾਮਿਲ ਸੀ।

13. ਵੈਟਨਰੀ ਫ਼ਾਰਮਾਕੌਲੋਜੀ ਅਤੇ ਟੌਕੱਸੀਕੌਲੋਜੀ ਵਿਭਾਗ

ਕਟੜੂਆਂ ਵਿਚ "ਮੌਕੱਸੀਫ਼ਲੌਕੱਸਾਸਿਨ" ਦਵਾਈ ਦਾ ਸਰੀਰ ਵਿਚ ਗਤੀ-ਸੰਚਾਰ-ਸੰਬੰਧੀ ਗਿਆਨ

ਕਟੜੂਆਂ ਵਿਚ ਬੁਖ਼ਾਰ ਦੁਆਰਾ ਪੈਦਾ ਕੀਤੀਆਂ ਗਈਆਂ "ਮੌਕੱਸੀਫ਼ਲੌਕੱਸਾਸਿਨ" ਦਵਾਈ ਦੇ ਸਰੀਰ ਵਿਚ ਗਤੀ-ਸੰਚਾਰ ਸੰਬੰਧੀ ਤਬਦੀਲੀਆਂ ਦੀ ਜਾਂਚ-ਪੜਤਾਲ ਕਰਨ ਲਈ ਇਕ ਅਧਿਐਨ ਕੀਤਾ ਗਿਆ। ਇਸ ਦੇ ਨਾਲ਼ ਹੀ "ਮੌਕੱਸੀਫ਼ਲੌਕੱਸਾਸਿਨ" ਦੀ ਸਿਹਤਮੰਦ ਪਸ਼ੂਆਂ ਵਿਚ ਜੀਵ-ਸੰਬੰਧੀ ਸੁਲੱਭਤਾ, ਮੂਤਰ ਵਿਚ ਨਿਕਾਸ ਅਤੇ ਇਸ ਦਵਾਈ ਦੀ ਹਾਨੀਕਾਰਕ ਪ੍ਰਤਿਕ੍ਰਿਆਵਾਂ ਦੀ ਜਾਂਚ-ਪੜਤਾਲ ਵੀ ਸਿਹਤਮੰਦ ਅਤੇ ਬੁਖ਼ਾਰ ਨਾਲ ਗ੍ਰਸਤ ਕਟੜੂਆਂ ਵਿਚ ਕੀਤੀ ਗਈ। "ਮੌਕੱਸੀਫ਼ਲੌਕੱਸਾਸਿਨ" ਦਵਾਈ ਦਾ ਮੂੜ੍ਹਰ ਵਿਚ ਨਿਕਾਸ, ਦਵਾਈ ਦੇਣ ਦੇ 24 ਘੰਟਿਆਂ ਬਾਅਦ, 14 ਪ੍ਰਤਿਸ਼ਤ ਤੋਂ ਘੱਟ ਸੀ। "ਮੌਕੱਸੀਫ਼ਲੌਕਸਾਸਿਨ" ਦਵਾਈ ਦਾ ਕਟੜੂਆਂ ਵਿਚ "ਐਂਸਪਾਰਟੇਟ ਅਮਾਈਨੋਟ੍ਰਾਂਸਫ਼ਰੇਜ਼" ("ਕੋਸ਼ਿਕਾ ਰਸ") ਦੇ ਸਤਰਾਂ ਵਿਚ ਵਾਧੇ ਤੋਂ ਇਲਾਵਾ ਹੋਰ ਕੋਈ ਹਾਨੀਕਾਰਕ ਪ੍ਰਭਾਵ ਨਹੀਂ ਸੀ।

"ਮੌਕੱਸੀਫ਼ਲੌਕੱਸਾਸਿਨ" ਦਵਾਈ ਦਾ, ਜਿਗਰ ਦੀ ਠੀਕ ਕ੍ਰਿਆ ਵਾਲ਼ੇ ਅਤੇ ਵਿਗੜੀ ਹੋਈ ਕ੍ਰਿਆ ਵਾਲ਼ੇ ਕਟੜੂਆਂ ਵਿਚ, ਖ਼ੂਨ ਦੀ ਨਾੜੀ ਵਿਚ ਦੇਣ ਤੋਂ ਬਾਅਦ ਦਵਾਈ ਦਾ ਸ਼ਰੀਰ ਵਿਚ ਵਿਸਤ੍ਰਿਤ ਗਤੀ-ਸੰਚਾਰ, ਮੂਤਰ ਵਿਚ ਨਿਕਾਸ ਅਤੇ ਦਵਾਈ ਦੀ ਮਾਤਰਾ ਪੱਧਤੀ ਦੀ ਜਾਂਚ-ਪੜਤਾਲ ਕੀਤੀ ਗਈ। "ਮੌਕੱਸੀਫਲੌਕੱਸਾਸਿਨ" ਦਾ ਮੂਤਰ ਵਿਚ ਨਿਕਾਸ ਸਿਹਤਮੰਦ ਅਤੇ ਜਿਗਰ ਦੀ ਕ੍ਰਿਆ ਵਿਚ ਵਿਕਾਰ ਵਾਲ਼ੇ ਕਟੜੂਆਂ ਵਿਚ ਕ੍ਰਮ ਅਨੁਸਾਰ, 7.31 ± 1.20 ਅਤੇ 17.31 ± 2.55 ਪ੍ਰਤਿਸ਼ਤ ਦੀ ਹਦ ਤਕ ਸੀ।

"ਸਾਈਫ਼ਲੂਥ੍ਰਿੰਨ" ਦੇ ਲੰਮੀ ਮਿਆਦ ਵਾਲ਼ੇ ਜਹਿਰੀਲੇ ਪ੍ਰਭਾਵਾਂ ਦਾ ਮੁੱਲਾਂਕਣ

ਕਟੜੂਆਂ ਵਿਚ "ਸਾਈਫ਼ਲੂਥ੍ਰਿੰਨ" (ਇਕ ਬਣਾਉਟੀ, "ਪਾਇਰੀਥ੍ਰਾਇਓਡ" ਵਾਲ਼ੀ, ਬਾਹਰਲੇ ਪਰਜੀਵਾਂ ਨੂੰ ਮਾਰਨ ਵਾਲ਼ੀ ਦਵਾਈ) ਦਾ ਵੱਖੋ-ਵੱਖਰੇ ਕੋਸ਼ਿਕਾ-ਰਸਾਂ-ਸੰਬੰਧੀ ("ਐਨਜ਼ਾਈਮਿੱਕ"), ਜੀਵ-ਰਸਾਇਣ ਸੰਬੰਧੀ ਅਤੇ ਖ਼ੂਨ ਸੰਬੰਧੀ ਬਿੰਦੂ ਪਰਿਮਾਣਾਂ ਤੇ, ਲੰਮੀ ਮਿਆਦ ਵਾਲ਼ੇ ਜਹਿਰੀਲੇ ਪ੍ਰਭਾਵਾਂ ਦਾ ਮੁੱਲਾਂਕਣ ਕੀਤਾ ਗਿਆ। ਮਜ਼ੂੰਦਾ ਅਧਿਐਨ ਦੇ ਆਧਾਰ ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ "ਸਾਈਫ਼ਲੂਥ੍ਰਿੰਨ" ਇਕ ਘੱਟ-ਖਤਰੇ ("ਲੋਅ ਰਿਸਕ") ਵਾਲ਼ਾ ਕੀਟਨਾਸ਼ਕ ਹੈ।

ਮੁਰਗੀਆਂ ("ਗੈਲੱਸ ਡੋਮੈਸਟੀਕੱਸ") ਵਿਚ "ਥਾਇਆਕਲੋਪ੍ਰਿਡ" ਦੇ ਪ੍ਰਭਾਵਾਂ ਤੇ ਅਧਿਐਨ

"ਥਾਇਆਕਲੋਪ੍ਰਿਡ" ਨੂੰ 10 ਮਿਲੀਗ੍ਰਾਮ/ਕਿਲੋਗ੍ਰਾਮ ਸ਼ਰੀਰਿਕ ਭਾਰ ਦੀ ਦਰ ਤੇ, ਹਰੇਕ 6 ਮੁਰਗੀਆਂ ਵਾਲ਼ੇ ਚਾਰ ਸਮੂਹਾਂ ਨੂੰ 28 ਦਿਨਾਂ ਲਈ ਮੂੰਹ ਰਾਹੀਂ ਦਿੱਤਾ ਗਿਆ। ਹਰੇਕ 6 ਮੁਰਗੀਆਂ ਵਾਲ਼ੇ ਦੋ ਸਮੂਹਾਂ ਨੂੰ ਸਿਹਤਮੰਦ "ਕੰਟ੍ਰੋਲ" ਵਜੋਂ ਰੱਖਿਆ ਗਿਆ। "ਨਿਓਨਿਕੋਟੀਨੋਇਡ" ਕੀਟਨਾਸ਼ਕ ਨੂੰ ਮੂੰਹ ਰਾਹੀਂ ਦੇ ਕੇ ਪੈਦਾ ਕੀਤੇ ਉਪ-ਤੀਬਰ ਜਹਿਰਵਾਦ ਤੋਂ ਬਾਅਦ ਖ਼ੂਨ ਵਿਚ "ਐਲਾਨਿੱਨ ਅਮਾਈਨੋਟ੍ਰਾਂਸਫ਼ਰੇਜ਼", "ਐਂਸਪਾਰਟੇਟ ਅਮਾਈਨੋਟ੍ਰਾਂਸਫ਼ਰੇਜ਼", "ਐਸਿੱਡ ਫ਼ੌਸਫ਼ੇਟੇਜ਼", "ਐਲਕਲਾਈਨ ਫ਼ੌਸਫ਼ੇਟੇਜ਼", "ਗਲੂਕੇਜ਼", "ਐਸੀਟਾਈਲ ਕੋਲੀਨਐਸਟ੍ਰੇਜ਼, ਲੈਕਟੇਟ ਡੀਹਾਈਡ੍ਰੋਜੀਨੇਜ਼ ਦੀ ਸਤਰਾਂ ਵਿਚ ਕੋਈ ਸਾਰਥਕ ਤਬਦੀਲੀ ਨਹੀਂ ਦੇਖੀ ਗਈ। "ਬੀ ਯੂ ਐਨ" (BUN) ਅਤੇ "ਕ੍ਰਿਏਟਿਨਿੱਨ" ਸਤਰਾਂ ਵਿਚ ਤਬਦੀਲੀ ਵੇਖੀ ਗਈ। "ਕੋਲੈਸਟ੍ਰੋਲ" (ਚਰਬੀ) ਦੀ ਸਤਰਾਂ ਵਿਚ ਵੀ ਵਾਧਾ ਦੇਖਿਆ ਗਿਆ।

14. ਵੈਟਨਰੀ ਫਿਜ਼ੀਓਲੋਜੀ ਵਿਭਾਗ

ਮੱਝਾਂ ਦੀਆਂ "ਸਿੱਸਟ" ਨਾਲ਼ ਪ੍ਰਭਾਵਿਤ ਡਿੰਬ-ਗ੍ਰੰਥੀਆਂ ਦੇ ਤੰਤੂਆਂ ਵਿਚ ਲਿਪਿਡ (ਚਰਬੀ) ਅਤੇ ਸੂਖ਼ਮ ਮਾਤਰਾ ਵਿਚ ਲੋੜੀਂਦੇ ਖਣਿਜ-ਧਾਤਾਂ ਦਾ ਲੇਖਾ ਜੋਖਾ

ਬੁੱਚੜਖ਼ਾਨੇ ਤੋਂ ਪ੍ਰਾਪਤ ਮੱਝਾ ਦੀਆਂ ਆਮ "ਸਾਧਾਰਨ" (ਵੇਖਣ ਵਿਚ ਲਿਯੂਟੀਅਲ ਦਸ਼ਾ ਵਿਚ) ਅਤੇ "ਸਿੱਸਟ" ਨਾਲ਼ ਪ੍ਰਭਾਵਿਤ ਡਿੰਬ-ਗ੍ਰੰਥੀਆਂ (ਸੰਖਿਆ=ਹਰੇਕ 6) ਵਿਚ ਸੂਖ਼ਮ ਮਾਤਰਾ ਵਿਚ ਲੋੜੀਂਦੇ "ਖਣਿਜ-ਧਾਤ" ("ਲੋਹਾ", "ਕਾਪਰ", "ਜ਼ਿੰਕ" ਅਤੇ "ਮੈਂਗਨੀਜ਼") ਅਤੇ ਲਿਪਿਡ (ਚਰਬੀ) ਦੀ ਵੱਖੋ-ਵੱਖਰੀ ਕਿਸਮਾਂ ("ਕੁਲ ਚਰਬੀ", "ਕੋਲੈਸਟ੍ਰੌਲ", "ਟ੍ਰਾਈਗਲਿਸ੍ਰਾਈਡਜ਼", "ਫ਼ਾਸਫ਼ੋਲਿਪਿਡਜ਼", "ਗਲਾਈਕੋਲਿਪਿਡਿਜ਼" ਅਤੇ "ਫ੍ਰੀ ਫ਼ੈਟੀ ਐਸਿਡਜ਼") ਦੀ ਮਾਤਰਾ ਦੇ ਲੇਖੇ-ਜੋਖੇ ਦਾ ਮੁੱਲਾਂਕਣ ਕੀਤਾ ਗਿਆ। ਦੋਵੇਂ ਪ੍ਰਕਾਰ ਦੀਆਂ ਡਿੰਬ-ਗ੍ਰੰਥੀਆਂ ਵਿਚ "ਕੁਲ ਚਰਬੀ" ਅਤੇ "ਫ੍ਰੀ ਫ਼ੈਟੀ ਐਸਿਡਜ਼" ਦੀ ਮਾਤਰਾ ਮਿਲਦੀ-ਜੁਲਦੀ ਸੀ।

ਮਾਦਾ ਮੱਝਾਂ ਦੇ "ਸੰਤਾਨ ਉਤਪੱਤੀ-ਸੰਬੰਧੀ ਅੰਗਾਂ" (ਜਨਨਾਗਾਂ) ਵਿਚ "ਫ਼ਾਸਫ਼ੇਟੇਜ਼" ("ਐਨਜਾਈਮ") ਦੀ ਸਰਗਰਮੀ

ਬੁੱਚੜਖ਼ਾਨੇ ਤੋਂ ਪ੍ਰਾਪਤ ਕੀਤੀਆਂ ਗਈਆਂ ਦਸ (10) ਮਾਦਾ ਮੱਝਾਂ ਦੀਆਂ ਡਿੰਬ-ਗ੍ਰੰਥੀਆਂ, ਬੱਚੇਦਾਨੀ ਦੀਆਂ ਟਿਯੂਬਾਂ, ਬੱਚੇ ਦਾਨੀ ਅਤੇ ਬੱਚੇਦਾਨੀ ਦੇ ਮੂੰਹ ("ਸਰਵਿੱਕਸ") ਵਿਚ "ਐਸਿੱਡ ਫ਼ਾਸਫ਼ੇਟੇਜ਼" ਅਤੇ "ਐਲਕੇਲਾਈਨ ਫ਼ਾਸਫ਼ੇਟੇਜ਼" ਦੀਆਂ ਸਰਗਰਮੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ। "ਐਸਿਡ" ਅਤੇ "ਐਲਕੇਲਾਈਨ ਫ਼ਾਸਫ਼ੇਟੇਜ਼" ਦੀਆਂ ਸਰਗਰਮੀਆਂ ਦੂਸਰੇ ਤੰਤੂਆਂ ਦੀਆਂ ਤੁਲਨਾ ਵਜੋਂ, ਡਿੰਬ-ਗ੍ਰੰਥੀ, ਬੱਚੇਦਾਨੀ ਦੀ ਟਿਊਬ ਅਤੇ ਬੱਚੇਦਾਨੀ ਵਿਚ ਬਰਾਬਰ ਦਰਜੇ ਦੀਆਂ ਅਤੇ ਬੱਚੇਦਾਨੀ ਦੇ ਮੂੰਹ ("ਸਰਵਿੱਕਸ) ਵਿਚ ਘੱਟ ਦਰਜੇ ਦੀਆਂ ਸਨ।

ਮਾਦਾ ਮੱਝਾਂ ਵਿਚ ਜਿਗਰ ਦੇ "ਗਲਾਈਕੋਜਨ", "ਲਿਪਿਡਜ਼" (ਚਰਬੀ) ਅਤੇ ਸੂਖ਼ਮ ਮਾਤਰਾ ਵਿਚ ਲੋੜੀਂਦੇ "ਖਣਿਜ-ਧਾਤਾਂ" ਦੀ ਹਾਲਤ

ਬੁੱਚੜਖਾਨੇ ਤੋਂ ਪ੍ਰਾਪਤ ਛੇ (6) ਮਾਦਾ ਮੱਝਾਂ ਦੇ ਜਿਗਰ ਦੇ ਨਮੂਨਿਆਂ ਵਿਚ "ਗਲਾਈਕੋਜਨ", "ਕੁਲ ਚਰਬੀ", "ਕੋਲੈਸਟ੍ਰੌਲ", "ਟ੍ਰਾਈਗਲਿਸ੍ਰਾਈਡਜ਼", "ਫ਼ਾਸਫ਼ੋਲਿਪਿਡਜ਼", "ਫ੍ਰੀ ਫ਼ੈਟੀ ਐਸਿਡਜ਼" ਅਤੇ ਸੂਖ਼ਮ ਮਾਤਰਾ ਵਿਚ ਲੋੜੀਂਦੇ "ਖਣਿਜ-ਧਾਤਾਂ" ਦੀਆਂ ਸਤਰਾਂ ਦੀ ਪਰੀਖਿਆ ਕੀਤੀ ਗਈ। ਦੇਖੀਆਂ ਗਈਆਂ ਸਤਰਾਂ (ਮਿਲੀਗ੍ਰਾਮ/ਗ੍ਰਾਮ ਜਿਗਰ ਤੰਤੂ) ਇਸ ਪ੍ਰਕਾਰ ਸਨ : "ਗਲਾਈਕੋਜਨ" (13.4 ± 5.45), "ਕੁਲ ਚਰਬੀ" (58.2 ± 8.52) "ਟ੍ਰਾਈਗਲਿਸ੍ਰਾਈਡਜ਼" (10.01 ±1.43), "ਕੋਲੈਸਟ੍ਰੌਲ" (0.85 ± 0.24), "ਫ਼ਾਸਫ਼ੋਲਿਪਿਡਜ਼" (0.23 ± 0.09) "ਗੈਲੈਕੱਟੋਲਿਪਿਡਜ਼" (0.80 ± 0.5) ਅਤੇ "ਫ੍ਰੀ ਫ਼ੈਟੀ ਐਸਿਡਜ਼" (0.26 ± 0.09) । ਜਿਗਰ ਵਿਚ ਵੇਖੇ ਗਏ ਸੂਖ਼ਮ ਮਾਤਰਾ ਵਿਚ ਲੋੜੀਂਦੇ ਖਣਿਜ-ਧਾਤਾਂ ਦੀ ਹਾਲਤ (ਮਾਈਕ੍ਰੋਗ੍ਰਾਮ/ਗ੍ਰਾਮ ਜਿਗਰ ਤੰਤੂ), "ਆਇਰਨ" ਲਈ 61.88 ± 13.9, "ਕਾਪਰ" ਲਈ 5.73 ± 2.42 "ਜ਼ਿੰਕ" ਲਈ 15.69 ± 2.42 ਅਤੇ "ਮੈਂਗਨੀਜ਼" ਲਈ 4.12 ± 0.30 ਸੀ।

ਪ੍ਰਸੂਤੀ ਵਿਚ ਕਠਿਨਾਈ ਤੋਂ ਗ੍ਰਸਤ ਮੱਝਾਂ ਵਿਚ, ਖ਼ੂਨ ਦੇ ਜੀਵ-ਰਸਾਇਣ ਸੰਬੰਧੀ ਅੰਸ਼ਾਂ ਅਤੇ ਸੂਖ਼ਮ ਮਾਤਰਾ ਵਿਚ ਲੋੜੀਂਦੇ "ਖਣਿਜ-ਧਾਤਾਂ" ਦਾ ਲੇਖਾ-ਜੋਖਾ

ਪ੍ਰਸੂਤੀ ਵਿਚ ਵੱਖੋ-ਵੱਖਰੀ ਕਿਸਮ ਦੀਆਂ ਕਠਿਨਾਈਆਂ ਤੋਂ ਗ੍ਰਸਤ 28 ਮੱਝਾਂ ਵਿਚ ਇਲਾਜ/ਪ੍ਰਸੂਤੀ-ਵਿਦਿਆ ਜੁਗਤੀ

ਲਾਉਣ ਤੋਂ "ਪਹਿਲਾਂ" ਅਤੇ "ਬਾਅਦ" ਵਿਚ ਲਏ ਗਏ ਖ਼ੂਨ ਦੇ ਰਸਾਂ ("ਪਲਾਜ਼ਮਾ") ਦੇ ਨਮੂਨਿਆਂ ਵਿਚ "ਕੋਲੈਸਟ੍ਰੌਲ", "ਟ੍ਰਾਈਗਲਿਸ੍ਰਾਈਡਜ਼", "ਕੁਲ ਪ੍ਰੋਟੀਨਾਂ", "ਐਲਬਿਯੂਮਿਨ", "ਜੀ ਓ ਟੀ" (GOT), "ਜੀ ਪੀ ਟੀ" (GPT), "ਐਲਕੇਲਾਈਨ ਫ਼ਾਸਫ਼ੇਟੇਜ਼", "ਕ੍ਰਿਏਟਿਨਿੰਨ", "ਯੂਰੀਆ", "ਕੈਲਸ਼ੀਅਮ", "ਇਨਓਰਗੈਨਿਕ (ਨਿਰਜੀਵੀ) ਫ਼ਾਸਫ਼ੇਟੇਜ", "ਆਇਰਨ", "ਕਾਪਰ" ਅਤੇ "ਜ਼ਿੰਕ" ਦੀਆਂ ਸਤਰਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਅੰਕੜਿਆਂ ਨੇ ਪ੍ਰਗਟ ਕੀਤਾ ਕਿ "ਖਣਿਜ- ਧਾਤਾਂ" ਅਤੇ "ਜੀਵ-ਰਸਾਇਣ" ਸੰਬੰਧੀ ਅੰਸ਼ਾਂ ਦੀ ਮਾਤਰਾਵਾਂ ਵਿਚ ਅਸੰਤੁਲਨ, ਬੱਚੇਦਾਨੀ ਦੀਆਂ ਮਾਸਪੇਸ਼ੀਆਂ ਦੀ ਢੁੱਕਵੀਂ (ਸਹੀ) ਕ੍ਰਿਆ ਜਾਂ ਸਾਧਾਰਨ ਪ੍ਰਸੂਤੀ ਵਿਚ ਸਹਾਈ ਵਾਕਿਆਵਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਜੋ ਪ੍ਰਸੂਤੀ ਵਿਚ ਕਠਿਨਾਈ ਦਾ ਕਾਰਨ ਬਣਦਾ ਹੈ।

ਜੜੀ-ਬੂਟੀ ਤੋਂ ਤਿਆਰ ਕੀਤੀ ਖ਼ੁਰਾਕੀ ਆਹਾਰ ਦਾ ਕਟੜੂਆਂ ਵਿਚ, ਤੂੜੀ ਦੀ 'ਪਾਚਕਤਾ" ਅਤੇ ਪੌਸ਼ਟਿਕ-ਤੱਤਾਂ ਦੀ ਉਪਯੋਗਿਕਤਾ ਤੇ ਪ੍ਰਭਾਵ

ਪਸ਼ੂਆਂ ਦੇ "ਬੀ ਡੈਂਬਲਯੂ" (BW), ਖ਼ੁਰਾਕ (ਡਾਈਟ) ਦੀ ਮਾਤਰਾ ਗ੍ਰਹਿਣ ਕਰਨ, "ਉਝਰੀ" ("ਰਿਯੂਮਨ") ਸੰਬੰਧੀ ਦੂਸਰੇ ਲੇਖੇ-ਜੋਖੇ ਅਤੇ ਪਾਚਕਤਾ ਦੇ ਵਿਚ ਹੋਏ ਵਾਧੇ ਦੇ ਆਧਾਰ ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ "ਏ ਵੀ"/"ਡੀ ਏ ਸੀ"-16 (AV/DAC-16) ਅਤੇ "ਐਸ ਡੀ ਐਸ12" (SDS-12) ਦਵਾਈਆਂ ਨੇ ਪਸ਼ੂਆਂ ਨੂੰ ਦਿੱਤੀ ਗਈ ਖ਼ੁਰਾਕ ਜਾਂ ਡਾਈਟ (ਜਿਸ ਵਿਚ ਤੂੜੀ ਇਕ ਵੱਡੇ ਹਿੱਸੇ ਵਜੋਂ ਸੰਮਲਿਤ ਸੀ) ਦੀ ਪਾਚਕਤਾ ਅਤੇ ਪੌਸ਼ਟਿਕ-ਤੱਤਾਂ ਦੀ ਉਪਯੋਗਿਕਤਾ ਵਿਚ ਸੁਧਾਰ ਕੀਤਾ।

15. ਵੈਟਨਰੀ ਪਬਲਿਕ ਹੈੱਲਥ ਵਿਭਾਗ

ਭੋਜਨ ਤੋਂ "ਐਰੋਮੋਨਾਸ ਸਪੀਸ਼ਿਜ਼" ਕੀਟਾਣੂਆਂ ਨੂੰ ਅਲੱਗ ਕਰਨਾ ਅਤੇ ਇਸ ਦੇ ਆਣਵਿਕ ਗੁਣਾਂ ਦਾ ਅਧਿਐਨ ਅਤੇ ਇਸ ਦੀ ਜਨ-ਸਿਹਤ ਮਹੱਤਾ

ਪਸ਼ੂ ਉਤਪੱਤੀ ਵਾਲ਼ੇ ਭੋਜਨ 'ਚੋਂ "*ਐਰੋਮੋਨਾਸ*" ਕੀਟਾਣੂਆਂ ਨੂੰ ਅਲੱਗ ਕਰਨ ਦੀ ਵਿਧੀ ਦਾ "ਮਾਨਕੀਕਰਨ" ਕੀਤਾ ਗਿਆ। ਵੱਖੋ- ਵੱਖਰੇ ਸਰੋਤਾਂ ਤੋਂ ਕੁਲ 160 ਨਮੂਨੇ ਇਕੱਠੇ ਕੀਤੇ ਗਏ ਜਿਨ੍ਹਾਂ ਵਿਚੋਂ 81 ਨਮੂਨੇ "*ਐਰੋਮੋਨਾਸ* ਸਪੀਸ਼ਿਜ਼" ਕੀਟਾਣੂਆਂ ਨਾਲ਼ ਦੂਸ਼ਿਤ ਸੀ। ਇਨ੍ਹਾਂ ਅਲੱਗ ਕੀਤੇ ਕੀਟਾਣੂਆਂ ਨੂੰ ਫਿਰ "ਐਮਪੀਸਿੱਲਿਨ ਡੈਕਸਟ੍ਰਿਨ ਅਗਰ" (ਏ ਡੀ ਏ, ADA) ਉੱਤੇ "ਐਮਪੀਸਿਲਿਨ" ਪ੍ਰਤਿ ਸੰਵੇਦਨਸ਼ੀਲਤਾ ਲਈ ਟੈਸਟ ਕੀਤਾ ਗਿਆ।

ਮਨੁੱਖਾਂ ਵਿਚ "ਬਰੂਸੀਲੋਸਿਸ" ਬਿਮਾਰੀ ਦਾ ਖ਼ੂਨ ਦੀ ਜਾਂਚ ("ਐਂਨਟੀਬੌਡੀਜ਼") ਤੇ ਆਧਾਰਿਤ ਪ੍ਰਚਲਨ ਅਤੇ ਮਨੁੱਖੀ "ਬਰੂਸੀਲੋਸਿਸ" ਦੀ ਪਰਖ ਲਈ "ਰਵਾਇਤੀ ਤਰੀਕੇ" ਅਤੇ "ਪੀ ਸੀ ਆਰ" ਪਰੀਖਿਆ ਦਾ ਤੁਲਨਾਤਮਕ ਮੁੱਲਾਂਕਣ

"ਬਰੂਸੀਲੋਸਿਸ", ਪਸ਼ੂ ਚਿਕਿਤਸਕਾਂ ਅਤੇ ਡੇਅਰੀ ਕਾਮਿਆਂ ਨੂੰ ਪ੍ਰਭਾਵਿਤ ਕਰਨ ਵਾਲ਼ਾ ਇਕ ਮਹੱਤਵਪੂਰਨ ਵਿਵਸਾਇਕ ਅਤੇ ਪਸ਼ੂਆਂ ਤੋਂ ਹੋਣ ਵਾਲ਼ਾ ਖ਼ਤਰੇ ਵਾਲ਼ਾ ਛੂਤ ਦਾ ਰੋਗ ਹੈ। ਮਨੁੱਖੀ ਖ਼ੂਨ ਦੇ ਰਸ ਦੇ ਕੁਲ 145 ਨਮੂਨੇ ਇਕੱਠੇ ਕੀਤੇ ਗਏ। ਬਿਮਾਰੀ ਦੇ ਨਾਲ਼ ਦੇ ਵੱਖੋ-ਵੱਖਰੇ ਖ਼ਤਰੇ ਦੇ ਕਾਰਨਾ ਦਾ ਅਧਿਐਨ ਕਰਨ ਲਈ "ਪੁੱਛ-ਪੜਤਾਲ ਪੱਤਰ" ਦੀ ਸ਼ਕਲ ਵਿਚ ਸੂਚਨਾ ਇਕੱਠੀ ਕੀਤੀ ਗਈ। ਖ਼ੂਨ ਦੀ ਜਾਂਚ ਤੋਂ "ਆਰ ਬੀ ਪੀ ਟੀ" (RBPT) ਅਤੇ "ਐਸ ਟੀ ਏ ਟੀ" (STAT) ਦੇ ਆਧਾਰ ਤੇ ਜਾਂਚ ਕੀਤੇ ਗਏ 145 ਨਮੂਨਿਆਂ ਵਿਚੋਂ, 28 ਵਿਚ "ਬਰੂਸੀਲੋਸਿਸ" ਦੀ ਬਿਮਾਰੀ ਪਾਈ ਗਈ। ਇਸ ਬਿਮਾਰੀ ਦੇ ਕੀਟਾਣੂਆਂ ਨੂੰ ਅਲੱਗ

ਕਰਨ ਦੀ ਵਿਧੀ ਦਾ "ਮਾਨਕੀਕਰਨ" ਕੀਤਾ ਗਿਆ। ਆਣਵਿਕ ਗੁਣਾਂ ਦੇ ਅਧਿਐਨ ਲਈ "ਪੀ ਸੀ ਆਰ" (PCR) ਵਿਧੀ ਦਾ "ਮਾਨਕੀਕਰਨ" ਜਾਰੀ ਹੈ।

ਮਨੁੱਖੀ ਉਪਭੋਗ ਲਈ ਪਾਣੀ ਦੀ ਪੀਣਯੋਗਤਾ

ਕਿਸਾਨਾਂ ਅਤੇ ਸਿਵਿਲ ਸਰਜਨ ਸਿਹਤ ਵਿਭਾਗ, ਲੁਧਿਆਣਾ ਤੋਂ ਕੁਲ 569 ਪਾਣੀ ਦੇ ਨਮੂਨੇ ਮਨੁੱਖੀ ਉਪਭੋਗ ਦੀ ਯੋਗਤਾ ਲਈ ਟੈਸਟ ਕੀਤੇ ਗਏ। ਇਨ੍ਹਾਂ ਨਮੂਨਿਆਂ ਵਿਚੋਂ 105 ਨਮੂਨੇ "ਕੋਲੀਫ਼ੌਰਮ" ਕੀਟਾਣੂਆਂ ਨਾਲ਼ ਦੂਸ਼ਿਤ ਪਾਏ ਗਏ ਅਤੇ ਮਨੁੱਖੀ ਉਪਭੋਗ ਲਈ ਅਯੋਗ ਕਰਾਰ ਦਿੱਤੇ ਗਏ। ਸਿਵਲ ਸਰਜਨ, ਸਿਹਤ ਵਿਭਾਗ, ਲੁਧਿਆਣਾ ਨੇ ਇਸ ਵਿਭਾਗ ਨੂੰ "ਰੈਫ਼ੈਂਸ" ("ਉਲੇਖ") ਲੈਬਾਰਟਰੀ ਵਜੋਂ ਮਾਨਤਾ ਦਿੱਤੀ ਹੈ।

ਮੀਟ ਅਤੇ ਮੀਟ ਉਤਪਾਦਾਂ ਵਿਚ "ਮਲਟੀਪਲੈਕਸ ਪੀ ਸੀ ਆਰ" (PCR) ਦੁਆਰਾ "ਸ਼ੀਗਾ-ਟੌਕੱਸਿਨ" (ਇਕ ਕਿਸਮ ਦਾ ਜ਼ਹਿਰ) ਪੈਦਾ ਕਰਨ ਵਾਲ਼ੇ "ਈ. ਕੋਲਾਈ" ਕੀਟਾਣੂਆਂ ਦੀ ਪਛਾਣ ਅਤੇ ਇਨ੍ਹਾਂ ਦੀ ਜਨ-ਸਿਹਤ ਮਹੱਤਾ

ਵੱਖੋ-ਵੱਖਰੇ ਸਰੋਤਾਂ ਤੋਂ ਕੁਲ 665 ਨਮੂਨਿਆਂ, ਜਿਵੇਂ ਕਿ ਭੇਡ ਦਾ ਮੀਟ, ਬੱਕਰੇ ਦਾ ਮੀਟ, ਸੂਰ ਦਾ ਮੀਟ, ਮੱਛੀ, ਚਿਕਨ, ਮੱਝ ਦਾ ਮੀਟ, ਮਨੁੱਖੀ ਮੋਕ ਦੇ ਨਮੂਨੇ, ਪਾਣੀ ਦੇ ਨਮੂਨੇ ਅਤੇ "ਖਾਣ ਲਈ ਤਿਆਰ" (ਆਰ ਟੀ ਈ, RTE) ਮੀਟ ਉਤਪਾਦਾਂ ਦੀ, "*ਈ.ਕੋਲਾਈ*" ਕੀਟਾਣੂਆਂ ਲਈ ਜਾਂਚ ਕੀਤੀ ਗਈ।

"ਸ਼ੀਗਾ-ਟੌਕੱਸਿਨ" (ਇਕ ਪ੍ਰਕਾਰ ਦਾ ਜ਼ਹਿਰ) ਪੈਦਾ ਕਰਨ ਵਾਲੇ "*ਈ.ਕੋਲਾਈ*" ਕੀਟਾਣੂਆਂ ("ਐੱਸ ਟੀ ਈ ਸੀ" STEC) ਦੀ ਪਛਾਣ ਲਈ "ਮਲਟੀਪਲੈਕਸ" ਪੀ ਸੀ ਆਰ (PCR) ਟੈਸਟ ਦਾ "ਮਾਨਕੀਕਰਨ", *ਐੱਸ ਟੀ ਐੱਕਸ* 1 (*stx* 1), *ਐੱਸ ਟੀ ਐੱਕਸ* 2 (*stx* 2), *ਈ ਏ ਈ ਏ* (*eae* A) ਅਤੇ *ਐੱਚ ਐੱਲ ਵਾਈ ਏ* (*hly* A) ਆਨੁਵੰਸ਼ਿਕ ਅੰਸ਼ਾਂ ("ਜੀਨਸ") ਨੂੰ ਵਧਾਉਣ ਦੁਆਰਾ ਕੀਤਾ ਗਿਆ। ਅਲੱਗ ਕੀਤੇ "ਐੱਸ ਟੀ ਈ ਸੀ" (STEC) ਕੀਟਾਣੂਆਂ ਦੇ ਖਿਲਾਫ਼ ਸਹੀ ਕੀਟਾਣੂਨਾਸ਼ਕ ਦਵਾਈ ਦੀ ਪਛਾਣ ਵਾਲੇ ਟੈਸਟ ਨੇ ਪ੍ਰਗਟ ਕੀਤਾ ਕਿ "ਟੈਟ੍ਰਾਸਾਈਕਲਿਨ", "ਪੈਨੀਸਿਲਿਨ" ਅਤੇ "ਸਲਫ਼ਾਮਿਥੋਕਸਾਜ਼ੋਲ" ਅਤੇ "ਟ੍ਰਾਈਮੈਥੋਪ੍ਰਿਮ" ਵਧੇਰੇ ਬੇਅਸਰ ਸਨ। ਮਨੁੱਖੀ ਬਿਮਾਰੀਆਂ ਵਿਚੋਂ ਅਕਸਰ ਅਲੱਗ ਕੀਤੇ ਜਾਣ ਵਾਲ਼ੇ "ਸੀਰੋਟਾਈਪਸ" ਜਿਵੇਂ ਕਿ "ਓ 113" ਅਤੇ "ਓ 26" ਦੀ ਵੀ ਪਛਾਣ ਕੀਤੀ ਗਈ।

16. ਵੈਟਨਰੀ ਸਰਜਰੀ ਐਂਡ ਰੇਡੀਓਲੋਜੀ ਵਿਭਾਗ

- ਮੂਤਰ ਮਾਰਗ ਅਤੇ "ਪ੍ਰੋਸਟੇਟ ਗ੍ਰੰਥੀ" ਦੀ ਬਿਮਾਰੀਆਂ ਤੋਂ ਗ੍ਰਸਤ ਕੁੱਤਿਆਂ ਦੇ 39 ਕਲੀਨਿਕਲ ਮਾਮਲਿਆਂ ਉੱਤੇ ਇਕ ਅਧਿਐਨ ਕੀਤਾ ਗਿਆ। ਇਸ ਅਧਿਐਨ ਤੋਂ ਇਹ ਸਿੱਟਾ ਕਢਿਆ ਗਿਆ ਕਿ ਮੂਤਰ ਮਾਰਗ ਦੀਆਂ ਪਥਰੀਆਂ ਦਾ "ਪੂਰਵ-ਅਨੁਮਾਨ" ਲਗਾਉਣਾ, ਮੂਤਰ ਦੇ ਵਿਸ਼ਲੇਸ਼ਣ, "ਐਕਸ-ਰੇ" ਚਿੱਤਰ ਵਿਚ ਪਾਈ ਗਈ ਘਣਤਾ ਅਤੇ ਪਥਰੀਆਂ ਦੇ ਬਾਹਰੋਂ ਨੰਗੀਆਂ ਅੱਖਾਂ ਰਾਹੀਂ ਵੇਖੇ ਗਏ ਭੌਤਿਕ ਗੁਣਾਂ ਦੇ ਆਧਾਰ ਤੇ ਸੰਭਵ ਹੈ।

- ਮ੍ਰੇਦੇ ਦੇ ਹਿੱਸਿਆਂ ("ਰੈਟੀਕੁਲੋ-ਓਮੇਜ਼ਲ-ਐਬੋਮੇਜ਼ਲ") ਵਿਕਾਰਾਂ ਤੋਂ ਗ੍ਰਸਤ ਗਊਆਂ-ਮੱਝਾਂ ਦੇ 50 ਕਲੀਨਿਕਲ ਮਾਮਲਿਆਂ ਉੱਤੇ ਇਕ ਅਧਿਐਨ ਕੀਤਾ ਗਿਆ। ਇਸ ਅਧਿਐਨ ਦੇ ਨਤੀਜਿਆਂ ਤੋਂ ਇਹ ਸਿੱਟਾ ਕੱਢਿਆ ਗਿਆ ਇਕ "ਡਾਇਆਫ਼ਰਾਮ"

ਦੇ ਹਰਨੀਆਂ ਅਤੇ ਮੇਦੇ ਦੇ "ਓਮੇਜ਼ਮ" ਹਿੱਸੇ ਦੀ "ਇਮਪੈਂਕਸ਼ਨ" (ਬੰਨ) ਦੀ ਪੁਸ਼ਟੀਕਾਰਕ ਪਰਖ ਲਈ ਕਿ 3.5 "ਮੈਗਾ ਹਰਜ਼" (MHz) ਵਾਲਾ "ਮਾਈਕ੍ਰੋ (ਸੂਖ਼ਮ) ਕੌਨਵੈਂਕਸ ਟ੍ਰਾਂਸਡਿਯੂਸਰ" ਮੁਨਾਸਬ ਹੈ।

- "ਸਟੈਂਪਲ ਟਾਂਕਿਆਂ" ਦੀ ਤੁਲਨਾ, ਪ੍ਰਚਲਤ "ਨਾਈਲੌਨ" ਦੇ ਟਾਂਕਿਆਂ ਨਾਲ਼ ਕੀਤੀ ਗਈ। ਇਹ ਵੇਖਿਆ ਗਿਆ ਕਿ ਪ੍ਰਚਲਤ ਨਾਈਲੌਨ ਨਾਲ ਟਾਂਕੇ ਲਾਉਣ ਦੀ ਤੁਲਨਾ ਵਜੋਂ, ਸਟੈਂਪਲ ਰਾਹੀਂ ਟਾਂਕੇ ਲਾਉਣ ਦੀ ਵਿਧੀ 15-16 ਗੁਣਾਂ ਵਧੇਰੇ ਛੇਤੀ ਵਾਲ਼ੀ ਸੀ ਅਤੇ ਇਹ ਲਗਭਗ ਹਰ ਕਿਸਮਾਂ ਦੇ ਜਖ਼ਮਾਂ ਤੇ ਵਰਤੋਂ ਵਿਚ ਲਿਆਈ ਜਾ ਸਕਦੀ ਸੀ। "ਕੰਨ ਤੇ ਖ਼ੂਨ ਜੰਮਣ" ("ਹੀਮੈਟੋਮਾ") ਦੇ ਇਲਾਜ ਲਈ ਸਟੈਂਪਲ ਟਾਂਕਿਆਂ ਦੀ ਵਰਤੋਂ ਇਕ "ਸੰਸ਼ੋਧਿਤ ਤਕਨੀਕ" ਦੀ ਤਰ੍ਹਾਂ ਵਿਕਸਿਤ ਕੀਤੀ ਗਈ (ਪਹਿਲੀ ਰਿਪੋਰਟ) ਅਤੇ ਇਹ ਛੇਤੀ ਹੋਣ ਵਾਲ਼ੀ, ਘੱਟ ਤੋਂ ਘੱਟ ਤੰਤੂ ("ਟਿਸ਼ੂ") ਪ੍ਰਤਿਕ੍ਰਿਆ ਪੈਦਾ ਕਰਨ ਵਾਲ਼ੀ ਅਤੇ ਸ਼ੋਭਾਜਨਕ ਸੀ।
- "ਵਿਨਕ੍ਰਿਸਟਿਨ" "ਮੀਥੋਟ੍ਰੈਕਸੇਟ" ਅਤੇ "ਸਾਈਕਲੋਫ਼ਾਸਫ਼ਾਮਾਈਡ" ਦੇ ਸੰਜੋਗ ਦੀ ਵਰਤੋਂ ਦੁਆਰਾ "ਐਡਜੂਵੈਂਟ ਕੀਮੋਥੀਰੈਪੀ" (ਰਸਾਇਣ ਚਿਕਿਤਸਾ ਦੇ ਸੁਮੇਲ ਨਾਲ਼) ਦੀ ਕਾਰਗਰੀ ਅਤੇ "ਪਾਰਖ਼ੀ ਕੋਸ਼ਿਕਾ ਵਿਗਿਆਨ" ਅਤੇ "ਤੰਤੂ ਵਿਕਾਰ ਵਿਗਿਆਨ" ਦੀ ਕਾਰਗਰੀ ਦੀ ਤੁਲਨਾ ਦੇ ਅਧਿਐਨ ਲਈ ਕੁੱਤੀਆਂ ਦੇ ਲੇਵੇਆਂ ਦੀਆਂ "ਰਸੌਲ਼ੀਆਂ" ਦੇ 40 ਕਲੀਨਿਕਲ ਮਾਮਲਿਆਂ ਤੇ ਇਕ ਅਧਿਐਨ ਕੀਤਾ ਗਿਆ। ਜ਼ਿਆਦਾਤਰ "ਰਸੌਲੀਆਂ" ਸਰੀਰ ਦੇ ਦੂਸਰੇ ਹਿੱਸਿਆਂ ਵਿਚ ਫੈਲਣ ਯੋਗ ਸਨ।
- ਮਹੀਨ ਸੂਈ ਨਾਲ਼ ਖਿੱਚ ਕੇ ਲਏ ਸ਼ਰੀਰਿਕ ਅੰਗ ਦਾ ਨਮੂਨਾ ਲੈਣ ਦੀ ਵਿਧੀ ("ਐਸਪਾਇਰੇਸ਼ਨ ਐਂਫ਼ ਐਨ ਏ ਬੀ," FNAB) ਦੀ ਤੁਲਨਾ ਵਜੋਂ, ਮਹੀਨ ਸੂਈ ਨਾਲ ਬਗ਼ੈਰ ਖਿੱਚ ਕੇ ਲਏ ਸ਼ਰੀਰਿਕ ਅੰਗ ਦਾ ਨਮੂਨਾ ਲੈਣ ਦੀ ਵਿਧੀ ਦੀ ਸੰਵੇਦਕਤਾ, ਸਹੀ ਭਵਿੱਖ ਕਥਨਾਤਮਕ ਮਹੱਤਾ ਅਤੇ ਪਾਰਖੀ ਸੁਨਿਸ਼ਚਿੱਤਤਾ, "ਬਹੁਤ ਚੰਗੀ" ਸੀ (ਪਹਿਲੀ ਰਿਪੋਰਟ)।
- "ਕੁੱਤਿਆਂ ਵਿਚ ਲੰਮੀ ਹੱਡੀਆਂ ਦੇ ਟੁੱਟਣ ਦੇ ਜਖ਼ਮ" ਭਰਨ ਵਿਚ "ਇੰਟਰਲਾਕ" ਹੋਣ ਵਾਲ਼ੀਆਂ ਕਿੱਲਾਂ ਦੀ ਮੋਟਾਈ ਦੀ ਭੂਮਿਕਾ ਦੇ ਅਧਿਐਨ ਲਈ ਅਤੇ "ਕੱਸ ਕੇ ਸਖ਼ਤੀ ਨਾਲ ਲੱਗੀਆਂ ("ਫਿਟ") ਹੋਈਆਂ" ਅਤੇ "ਢਿੱਲੀ ਲੱਗੀਆਂ ਹੋਈਆਂ" ਕਿੱਲਾਂ ਦੀਆਂ ਵਰਤੋਂ ਤੋਂ ਪੈਦਾ ਹੋਈਆਂ ਸਮੱਸਿਆਵਾਂ ਦੇ ਅਧਿਐਨ ਲਈ ਲੰਮੀ ਹੱਡੀਆਂ ਦੇ "ਡਾਇਆਫ਼ਾਈਜ਼ਿਅਲ ਫ਼ਰੈਕਚਰ" (ਟੁੱਟਣ) ਨਾਲ਼ ਗ੍ਰਸਤ 33 ਕੁੱਤਿਆਂ ਤੇ ਇਕ ਅਧਿਐਨ ਕੀਤਾ ਗਿਆ।

"ਫਿਸ਼ਰੀਜ਼ ਕਾਲਜ"

"ਐਕੁੱਆਕਲਚਰ ਵਿਭਾਗ"

- ਪੰਜਾਬ ਦੇ "ਦੱਖਣ-ਪੱਛਮੀ ਜ਼ਿਲ੍ਹਿਆਂ" ਵਿਚ ਖ਼ਾਰੇ ਪਾਣੀ ਨਾਲ਼ ਪ੍ਰਭਾਵਿਤ "ਸੇਮ" ਵਾਲ਼ੇ ਇਲਾਕਿਆਂ ਵਿਚ, ਘੱਟ (ਖ਼ਾਰਾਪਣ <10 ਪੀ ਪੀ ਟੀ), ਮੱਧਮ (ਖ਼ਾਰਾਪਣ 10-20 ਪੀ ਪੀ ਟੀ) ਅਤੇ ਵੱਧ (ਖ਼ਾਰਾਪਣ 20 ਪੀ ਪੀ ਟੀ ਤੋਂ ਵੱਧ) ਖ਼ਾਰੇ ਪਾਣੀ ਵਾਲ਼ੇ "ਜ਼ੋਨਾਂ" (ਇਲਾਕਿਆਂ) ਦੀ ਪਛਾਣ ਕੀਤੀ ਗਈ।
- "ਫ਼ਾਜ਼ਿਲਕਾ" ("ਜ਼ਿਲ੍ਹਾ ਫ਼ਿਰੋਜਪੁਰ") ਵਿਚ ਖ਼ਾਰੇ ਪਾਣੀ ਨਾਲ਼ ਪ੍ਰਭਾਵਿਤ "ਸੇਮ" ਵਾਲ਼ੇ ਇਲਾਕੇ ਵਿਚ, ਪਹਿਲੀ, "ਫ਼ਾਰਮ ਉੱਤੇ ਹੀ" "ਐਕੁੱਆਕਲਚਰ" (ਪਾਣੀ ਵਿਚ ਕਾਸ਼ਤਕਾਰੀ) ਅਜਮਾਇਸ਼, ਕਾਮਯਾਬੀ ਨਾਲ਼ ਕੀਤੀ ਗਈ । ਮੱਛੀਆਂ ਲਈ ਤਲਾ, 20-40 ਪੀ ਪੀ ਟੀ ਦੀ ਮਿਆਰ ਵਾਲ਼ੇ ਖ਼ਾਰੇਪਣ ਦੇ "ਸੇਮ" ਵਾਲ਼ੇ ਇਲਾਕੇ ਵਿਚ ਬਣਾਇਆ ਗਿਆ। ਪਾਣੀ ਦੇ ਖ਼ਾਰੇਪਣ ਨੂੰ, 10 ਪੀ ਪੀ ਟੀ ਤੋਂ ਘੱਟ ਕਾਇਮ ਰੱਖਣ ਲਈ ਨਹਿਰੀ ਪਾਣੀ ਦੀ ਵਰਤੋਂ ਕੀਤੀ ਗਈ ਅਤੇ

"ਕਾਰਪ" ਮੱਛੀਆਂ ਦੇ ਬਹੁਤ ਛੋਟੇ ਬੱਚੇ, "ਸਟਾਕ" ਕਰਕੇ ਰੱਖੇ ਗਏ ਜਿਨ੍ਹਾਂ ਦੀ "ਜੀਉਂਦੇ ਬਚੇ ਰਹਿਣ ਦੀ ਕ੍ਰਿਆ" ਅਤੇ "ਵਿਕਾਸ" ਤਸੱਲੀਬਖ਼ਸ਼ ਸੀ।

- "ਏਜ਼ੋਲਾ" ("ਦਰਿਆਈ ਫ਼ਰਨ ਪੌਦਾ") ਅਤੇ "ਸਪਾਇਰੋਡੇਲਾ" ("ਕਾਈ ਰੂਪੀ ਪਾਣੀ" ਵਿਚ ਹੋਣ ਵਾਲ਼ਾ ਇਕ ਪੌਦਾ, "ਡੱਕਵੀਡ") ਜਿਹੇ ਸੁਕਾਏ ਗਏ "ਦਰਿਆਈ ਪੌਦਿਆਂ" ਦਾ ਉਪਯੋਗ ਕਰਕੇ "ਕਾਰਪ" ਮੱਛੀਆਂ ਲਈ ਘੱਟ ਖਰਚੇ ਵਾਲ਼ੀਆਂ ਖ਼ੁਰਾਕਾਂ ("ਡਾਈਟਾਂ") ਵਿਕਸਿਤ ਕੀਤੀਆਂ ਗਈਆਂ। "ਏਜ਼ੋਲਾ" ਨੂੰ "ਕਾਰਪ" ਮੱਛੀ ਦੀ ਖ਼ੁਰਾਕ ਵਿਚ ਸ਼ਾਮਿਲ ਕਰਨ ਦੇ ਨਤੀਜੇ ਵਜੋਂ, ਲਾਗਤ ਵਿਚ 10 ਪ੍ਰਤਿਸ਼ਤ ਕਮੀ ਅਤੇ ਉਤਪਾਦਨ 65 ਪ੍ਰਤਿਸ਼ਤ ਵਧੇਰੇ ਹੋਇਆ, ਜਦਕਿ "ਸਪਾਇਰੋਡੇਲਾ" ਸ਼ਾਮਲ ਕਰਨ ਦੇ ਨਤੀਜੇ ਵਜੋਂ , ਲਾਗਤ ਵਿਚ 50 ਪ੍ਰਤਿਸ਼ਤ ਕਮੀ ਅਤੇ ਉਤਪਾਦਨ 70 ਪ੍ਰਤਿਸ਼ਤ ਵਧੇਰੇ ਹੋਇਆ।
- ਵੱਖੋ-ਵੱਖਰੀ "ਰੇਹਾਂ"/"ਰਸਾਇਣਿਕ ਖ਼ਾਦਾਂ" ਦੀ ਕਾਰਗਰੀ, "ਸਪਾਇਰੋਡੇਲਾ" ਪੌਦਿਆਂ ਦੇ "ਵਿਕਾਸ" ਅਤੇ "ਪੌਸ਼ਟਿਕ ਮਹੱਤਵ" ਦੇ ਮੁਤੱਲਕ ਦੇਖਣ ਲਈ, "ਸਪਾਇਰੋਡੇਲਾ" ਪੌਦਿਆਂ ਨੂੰ ਵੱਖੋ-ਵੱਖਰੀ "ਰੇਹਾਂ"/"ਰਸਾਇਣਿਕ ਖ਼ਾਦਾਂ" ਨਾਲ਼ ਉਗਾਇਆ ਗਿਆ। ਇਹ ਵੇਖਿਆ ਗਿਆ ਕਿ, ਖਾਦ ਦੀ "ਮਾਤਰਾ" ("ਡੋਜ਼") ਅਤੇ "ਕਿਸਮ" ਦੋਨਾਂ ਨਾਲ਼ "ਸਪਾਇਰੋਡੇਲਾ" ਦੀ "ਕ੍ਰੂਡ (ਕੱਚੀ) ਪ੍ਰੋਟੀਨ ("ਸੀ.ਪੀ.") ਮਾਤਰਾ" ਵਿਚ ਤਬਦੀਲੀ ਆਈ। ਮੁਰਗੀਆਂ ਦੀਆਂ "ਬਿੱਠਾਂ" ਤੋਂ ਤਿਆਰ ਕੀਤੀ ਖ਼ਾਦ ਦੀ ਵਰਤੋਂ ਨਾਲ਼ "ਸਪਾਇਰੋਡੇਲਾ" ਵਿਚ ਸਭ ਤੋਂ ਵੱਧ "ਸੀ.ਪੀ." ਰਿਕਾਰਡ ਕੀਤੀ ਗਈ ਅਤੇ ਇਸ ਤੋਂ ਬਾਅਦ ਮੁਰਗੀਆਂ ਦੀਆਂ "ਬਿੱਠਾਂ"+"ਗਊਆਂ ਦਾ ਗੋਹਾ" (1:1), "ਗਊਆਂ ਦਾ ਗੋਹਾ" ਅਤੇ "ਨਿਰਜੀਵੀ ("ਰਸਾਇਣਿਕ") ਖਾਦਾਂ" ਸਨ।
- "ਸਜਾਵਟੀ ਮੱਛੀਆਂ" ("ਕੋਈ-ਕਾਰਪ" ਅਤੇ "ਸੁਨਹਰੀ ਮੱਛੀ"-"ਸ਼ੁਬੁਨਕਿਨ") ਦੇ ਨਵੇਂ ਜੰਮੇ ਬੱਚਿਆਂ ਦੀ ਪਾਲਨਾ ਅਤੇ ਬੀਜ ਦਾ ਉਤਪਾਦਨ, ਕਾਮਯਾਬੀ ਨਾਲ਼ ਕੀਤਾ ਗਿਆ।
- "ਮਹਿੰਗੀ ਕੀਮਤ ਵਾਲ਼ੇ ਜੀਵਾਂ" ਦੀ ਕਿਸਮ ਜਿਵੇਂ ਕਿ "ਕੈਟਫ਼ਿਸ਼" ਦੀਆਂ ਕਿਸਮਾਂ ("ਭਾਰਤੀਆ ਮੈਗੂਰ", "ਕਲੈਰੀਅਸ ਬੈਟ੍ਰੈਕਸ" ਅਤੇ "ਸਿੰਗੀ-ਹੈਟ੍ਰੋਪੌਨਯੂਸਟਿਸ ਫ਼ੌਸਿਲਿਸ") ਅਤੇ ਤਾਜੇ ਪਾਣੀ ਵਾਲ਼ੀ, "ਝੀਂਗਾ ਮੱਛੀ" (ਮੈਕ੍ਰੋਬ੍ਰੇਕੀਅਮ ਰੋਜ਼ਨਬਰਗਾਈ, "ਪ੍ਰਾਨ") ਦੀ ਕਾਸ਼ਤਕਾਰੀ ਦੀ ਅਜਮਾਇਸ਼ ਕਾਮਯਾਬੀ ਨਾਲ਼ ਕੀਤੀ ਗਈ।

"ਫ਼ਿਸ਼ਰੀਜ਼ ਰਿਸੋਰਸ ਮੈਨੇਜਮੈਂਟ ("ਮੱਛੀ ਪਾਲਨ ਸਾਧਨ ਪ੍ਰਬੰਧ") ਵਿਭਾਗ"

- "ਦਰਿਆ ਦੀਆਂ ਮੱਛੀਆਂ" ਦੀ "ਵੰਨ-ਸੁਵੰਨਤਾ" ਉੱਤੇ "ਪ੍ਰਦੂਸ਼ਣ" ਦੇ ਅਸਰ ਦਾ ਅਧਿਐਨ ਕਰਨ ਲਈ, ਪੰਜਾਬ ਵਿਚ "ਰੋਪੜ ਹੈੱਡਵਰਕਸ" ਤੋਂ ਲੈ ਕੇ "ਹਰੀਕੇ ਪੁਲ" ਤਕ 15 ਵੱਖੋ-ਵੱਖਰੇ ਥਾਵਾਂ ਤੋਂ "ਸਤਲੁਜ ਦਰਿਆ" ਤੋਂ "ਮੱਛੀਆਂ ਦੀਆਂ ਕਿਸਮਾਂ" ਅਤੇ "ਪਾਣੀ ਦੇ ਪ੍ਰਕਾਰ" ਦਾ ਮੁੱਲਾਂਕਣ ਕੀਤਾ ਗਿਆ।
- "ਲੁਧਿਆਣਾ ਸ਼ਹਿਰ" ਦੇ "ਬਗ਼ੈਰ-ਵਤੀਰੇ" ਕਰੇ "ਉਦਯੋਗਿਕ ਨਿਕਾਸੀ ਵਿਅਰਥ"/"ਘਰੇਲੂ ਮਲ ਪ੍ਰਵਾਹ" ਨੂੰ "ਬੁੱਢੇ ਨਾਲ਼ੇ" ਰਾਹੀਂ "ਸਤਲੁਜ ਦਰਿਆ" ਵਿਚ ਪ੍ਰਵਾਹ ਕਰਨ ਨਾਲ਼, ਸਤਲੁਜ ਦਰਿਆ ਦੇ "ਪਾਣੀ ਦੇ ਗੁਣਾਂ" ਜਿਵੇਂ ਕਿ "ਬਿਜਲੀ ਸੰਵਾਹਿਤਾ", "ਕਠੋਰਤਾ", "ਮੁਕਤ ਕਾਰਬਨ ਡਾਈਆਕੱਸਾਈਡ", "ਖ਼ਾਰ" ("ਐੱਲਕਲੇਨਿਟੀ"), "ਜੀਵ ਵਿਗਿਆਨ ਸੰਬੰਧੀ-ਆੱਕਸੀਜਨ ਮੰਗ" ("ਬੀ.ਓ.ਡੀ.") ਵਗੈਰਾ ਵਿਚ ਖ਼ਰਾਬੀ ਆਈ।

>d r 9qim!

ਵਿਸਤਾਰ ਸਿੱਖਿਆ ਦੇ "ਡਾਇਰੈਕਟੋਰੇਟ" ਨੇ ਆਪਣੀਆਂ "ਫ਼ਾਰਮ ਐਡਵਾਈਜ਼ਰੀ ਸਰਵਿਸ" ("ਸਲਾਹ, ਸੇਵਾ"), "ਸਿਖਲਾਈਆਂ" ਅਤੇ "ਪਿੰਡਾਂ ਦੇ ਦੌਰਿਆਂ" ਦੀਆਂ "ਸ਼ਾਖਾਵਾਂ" ਰਾਹੀਂ ਵਿਸਤਾਰ ਸਰਗਰਮੀਆਂ ਨੂੰ ਦਰੁੱਸਤ ਰਖਿਆ। "ਯੂਨੀਵਰਸਿਟੀ" ਦੁਆਰਾ ਵਿਕਸਿਤ ਕੀਤੀਆਂ ਗਈਆਂ "ਨਵੀਆਂ ਤਕਨੀਕਾਂ" ਨੂੰ ਲੋਕਾਂ ਦੇ ਹਵਾਲੇ ਕਰਨ ਲਈ, "ਕਿਸਾਨਾਂ", "ਖ਼ੇਤਰੀ ਵੈਟਨਰੀ ਡਾਕਟਰਾਂ" ਅਤੇ ਦੂਸਰੀ ਯੂਨੀਵਰਸਿਟੀਆਂ ਦੇ "ਸਾਇੰਸਦਾਨਾਂ" ਲਈ "ਸਿਖਲਾਈ ਕੋਰਸਾਂ" ਦਾ ਪ੍ਰਬੰਧ ਕੀਤਾ ਗਿਆ।

"ਸਿਖਲਾਈ ਪ੍ਰੋਗਰਾਮ"

"ਸਿਖਲਾਈ ਪ੍ਰੋਗਰਾਮ" ਦਾ ਨਾਮ	"ਮਿਆਦ" (ਦਿਨਾਂ ਵਿਚ)	ਲਾਏ ਗਏ "ਸਿਖਲਾਈ ਕੋਰਸਾਂ" ਦੀ "ਸੰਖਿਆ"	"ਹਿੱਸਾ ਲੈਣ ਵਾਲ਼ਿਆਂ" ਦੀ "ਸੰਖਿਆ"
ਕਿਸਾਨਾਂ ਲਈ "ਸਪੈਸ਼ਲਾਈਜ਼ਡ ("ਵਿਸ਼ਿਸ਼ਟ") ਡੇਅਰੀ ਫ਼ਾਰਮਿੰਗ ਸਿਖਲਾਈ ਕੋਰਸ"	12	3	47
ਕਿਸਾਨਾਂ ਲਈ "ਸਪੈਸ਼ਲਾਈਜ਼ਡ ("ਵਿਸ਼ਿਸ਼ਟ") ਸੂਰ ਪਾਲਨ ਸਿਖਲਾਈ ਕੋਰਸ"	5	2	46
ਕਿਸਾਨਾਂ ਲਈ "ਸਪੈਸ਼ਲਾਈਜ਼ਡ ਮੁਰਗੀ ਪਾਲਨ ਸਿਖਲਾਈ ਕੋਰਸ"	10	2	27
"ਫ਼ੌਜੀਆਂ ਲਈ" "ਡੇਅਰੀ ਫ਼ਾਰਮਿੰਗ ਵਿਚ ਸਿਖਲਾਈ ਕੋਰਸ"	5	3	32
"ਹਿਮਾਚਲ ਪ੍ਰਦੇਸ਼" ਦੇ ਕਿਸਾਨਾਂ ਲਈ "ਡੇਅਰੀ ਸਿਖਲਾਈ ਕੋਰਸ "	5	1	20

"ਪਸ਼ੂ ਭਲਾਈ ਕੈਂਪ"

ਬੀਮਾਰ ਪਸ਼ੂਆਂ ਦੇ ਇਲਾਜ ਲਈ, ਪੰਜਾਬ ਦੇ ਪੇਂਡੂ ਇਲਾਕੇ ਵਿਚ "ਛੇ ਪਸ਼ੂ ਭਲਾਈ ਕੈਂਪਾਂ" ਦਾ ਪ੍ਰਬੰਧ ਕੀਤਾ ਗਿਆ। ਕੁਲ 887 ਪ੍ਰਸ਼ੂਆਂ ਦਾ ਇਲਾਜ ਕੀਤਾ ਗਿਆ, ਜਿਨ੍ਹਾਂ ਵਿਚ "ਗਾਇਨੀਕੌਲੋਜੀ" ("ਮਾਦਾ ਪਸ਼ੂ ਰੋਗ ਵਿਗਿਆਨ") ਦੇ 263 ਮਾਮਲੇ, "ਸਰਜਰੀ" ("ਚੀਰ-ਫਾੜ ਵਿਗਿਆਨ") ਦੇ 87 ਮਾਮਲੇ ਅਤੇ "ਮੈਡੀਸਨ" ("ਔਸ਼ਧ ਵਿਗਿਆਨ") ਦੇ 537 ਮਾਮਲੇ ਸ਼ਾਮਿਲ ਸਨ। ਇਨ੍ਹਾਂ ਕੈਂਪਾਂ ਵਿਚ "ਕਿਸਾਨਾਂ" ਅਤੇ "ਖ਼ੇਤਰੀ ਕਾਰਜਕਰਤਾਵਾਂ" ਨੂੰ ਪ੍ਰਵਾਨਿਤ "ਪਸ਼ੂ-ਸਿਹਤ" ਸੰਬੰਧੀ "ਨਿੱਤ-ਵਰਤੋਂ ਦੇ ਵਿਹਾਰਾਂ" ਦੀ ਸਲਾਹ ਦਿੱਤੀ ਗਈ ਜਾਂ ਵਿਹਾਰਾਂ ਤੋਂ ਜਾਣੂ ਕਰਵਾਇਆ ਗਿਆ। ਇਨ੍ਹਾਂ ਉਪਰਾਲਿਆਂ ਦੇ ਨਤੀਜੇ ਵਜੋਂ, ਬਿਮਾਰੀਆਂ ਦੇ ਫੈਲਣ ਵਿਚ ਕਮੀ ਅਤੇ ਉਤਪਾਦਨ ਵਿਚ ਵਾਧਾ ਹੋਇਆ।

"ਤਕਨੀਕੀ ਅਗਵਾਈ"/ ਤਕਨੀਕੀ ਗਿਆਨ ਨੂੰ ਲੋਕਾਂ ਤਕ ਪਹੁੰਚਾਉਣਾ

ਰਾਜ ਦੀਆਂ ਦੂਸਰੀਆਂ "ਪਸ਼ੂ ਭਲਾਈ ਏਜੰਸੀਆਂ" ਜਿਵੇਂ ਕਿ "ਡੇਅਰੀ ਵਿਕਾਸ ਵਿਭਾਗ", "ਪਸ਼ੂ ਪਾਲਨ ਵਿਭਾਗ, ਪੰਜਾਬ", "ਨੈਂਸਲੇ", "ਸਮਿੱਥ ਕਲਾਈਮ ਬੀਸ਼ੈਮ", "ਪੰਜਾਬ ਐਂਡ ਸਿੰਧ ਬੈਂਕ" ਦੇ ਸਹਿਯੋਗ ਨਾਲ਼, ਕਿਸਾਨਾਂ ਨੂੰ "ਵਿਸਤਾਰ ਲੈਕਚਰ" ਦਿੱਤੇ ਗਏ ਅਤੇ "ਪੀ.ਏ.ਯੂ., ਲੁਧਿਆਣਾ" ਦੇ "ਕ੍ਰਿਸ਼ੀ ਵਿਗਿਆਨ ਕੇਂਦਰਾਂ" ਅਤੇ "ਵਿਸਤਾਰ ਵਿਭਾਗ" ਦੀਆਂ "ਸਿਖਲਾਈਆਂ" ਵਿਚ ਵੀ ਲੈਕਚਰ ਦਿੱਤੇ ਗਏ। ਇਨ੍ਹਾਂ ਮੌਕਿਆਂ ਤੇ ਪਸ਼ੂ ਪਾਲਕਾਂ ਲਈ, ਪੇਂਡੂ ਇਲਾਕੇ ਵਿਚ ਪਸ਼ੂਆਂ ਤੋਂ ਕਲੀਨਿਕਲ ਪਦਾਰਥਾਂ, ਜਿਵੇਂ ਕਿ "ਖ਼ੂਨ", "ਤਾਰਾਂ" ("ਮਯੂਕਸ ਪ੍ਰਵਾਹ") ਅਤੇ "ਗੋਹੇ" ਦੇ ਨਮੂਨੇ "ਇਕੱਠੇ ਕਰਨ", "ਪੈਕਿੰਗ ਕਰਕੇ ਭੇਜਣ" ਅਤੇ "ਲੈਬ ਤਕ ਪਹੁੰਚਾਉਣ" ਸੰਬੰਧੀ, "ਧਾਰਾਂ ਕੱਢਣ ਦੇ ਸਹੀ ਢੰਗ", "ਥਣ-ਡੋਬਣ ਕ੍ਰਿਆ", "ਖ਼ੁਰਾਕ (ਰਾਸ਼ਨ) ਦਾ ਹਿਸਾਬ ਲਾਉਣ", "ਸਾਈਲੇਜ" ("ਚਾਰੇ ਦਾ ਆਚਾਰ") ਬਣਾਉਣ, "ਚਿਚੜੀਆਂ"/"ਜੂੰਆਂ"/ਹੋਰ ਦੂਸਰੇ "ਬਾਹਰੀ ਪਰਜੀਵਾਂ" ਦੀ "ਦਵਾਈ ਦੇ ਪ੍ਰਯੋਗ ਦੀ ਵਿਧੀ" ਅਤੇ ਪਸ਼ੂਆਂ ਵਿਚ "ਗਰਮੀ" ("ਹੇਹੇ") ਦੀ ਪਛਾਣ ਬਾਰੇ ਪ੍ਰਦਰਸ਼ਨ ਕੀਤੇ ਗਏ।

"ਪਸ਼ੂ ਪਾਲਨ ਮੇਲੇ"

"ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ" ("ਗਡਵਾਸੂ") ਦਾ "ਪਸ਼ੂ ਪਾਲਨ ਮੇਲਾ", "ਮਾਰਚ" ਅਤੇ "ਸਿਤੰਬਰ" ਦੇ ਮਹੀਨਿਆਂ ਵਿਚ ਲਗਾਇਆ ਗਿਆ। ਇਨ੍ਹਾਂ ਮੇਲਿਆਂ ਵਿਚ ਯੂਨੀਵਰਸਿਟੀ ਦੇ ਅੰਗੀਕਾਰ ਕਾਲਜਾਂ ਦੇ ਵਿਭਾਗਾਂ ਨੇ ਕਿਸਾਨਾਂ ਲਈ ਵਿਕਸਿਤ ਕੀਤੀਆਂ ਗਈਆਂ "ਨਵੀਆਂ ਤਕਨੀਕਾਂ"/"ਕਾਢਾਂ" ਦਰਸ਼ਾਉਣ ਲਈ "ਪ੍ਰਦਰਸ਼ਨੀ ਸਟਾਲਾਂ" ਦਾ ਪ੍ਰਬੰਧ ਕੀਤਾ। ਇਸ ਮੌਕੇ ਤੇ, "ਪਸ਼ੂ ਭਲਾਈ" ਕੰਮ ਵਿਚ ਸ਼ਾਮਿਲ ਦੂਸਰੀਆਂ "ਸਰਕਾਰੀ" ਅਤੇ "ਪ੍ਰਾਈਵੇਟ" ("ਨਿੱਜੀ") ਏਜੰਸੀਆਂ ਨੇ ਵੀ ਕਿਸਾਨੀ ਭਾਈਚਾਰੇ ਲਈ ਮਹੱਤਵਪੂਰਨ ਆਪਣੀਆਂ ਪ੍ਰਦਰਸ਼ਨੀਆਂ ਦੀ ਨੁਮਾਇਸ਼ ਕੀਤੀ। ਬਹੁਤ ਵੱਡੀ ਸੰਖਿਆ ਵਿਚ, ਕਿਸਾਨਾਂ ਨੇ ਇਨ੍ਹਾਂ ਮੇਲਿਆਂ ਦਾ ਦੌਰਾ ਕੀਤਾ ਅਤੇ ਯੂਨੀਵਰਸਿਟੀ ਦੇ ਮਾਹਿਰਾਂ ਨਾਲ਼ ਆਪਣੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਤੇ ਕਿਸਾਨਾਂ ਨੂੰ, ਯੂਨੀਵਰਸਿਟੀ ਵਿਚ ਉਪਲਬਧ "ਸੇਵਾਵਾਂ" ਅਤੇ "ਸਹੂਲਤਾਂ" ਦਰਸ਼ਾਉਂਦੀ "ਗਡਵਾਸੂ ਮੇਲਾ ਹਾਈਲਾਈਟਸ" ("ਵਿਸ਼ੇਸ਼ ਸਰਗਰਮੀਆਂ") ਅਤੇ ਦੂਸਰੇ ਜਾਣਕਾਰੀ ਸੰਬੰਧੀ ਲੇਖ ਵੰਡੇ ਗਏ। ਯੂਨੀਵਰਸਿਟੀ ਨੇ ਪਸ਼ੂ ਪਾਲਕਾਂ ਦੀ ਭਲਾਈ ਲਈ, "ਪੀ.ਏ.ਯੂ." ਦੇ "ਖ਼ੇਤਰੀ ਖੋਜ ਸਟੇਸ਼ਨਾਂ" ("ਰੀਜਨਲ ਰਿਸਰਚ ਸਟੇਸ਼ਨਸ") ਤੇ ਲਾਏ ਗਏ "ਕਿਸਾਨ ਮੇਲਿਆਂ" ਵਿਚ ਵੀ ਹਿੱਸਾ ਲਿਆ।

"ਟੀ.ਵੀ."/ "ਰੇਡਿਓ" ਵਾਰਤਾਲਾਪ

ਵੱਖੋ-ਵੱਖਰੇ ਵਿਭਾਗਾਂ ਦੀ ਫ਼ੈਕਲਟੀ ਨੇ "ਪਸਾਰ ਸਿੱਖਿਆ" ਦੇ "ਡਾਇਰੈਕਟੋਰੇਟ" ਦੁਆਰਾ ਨਿਰਧਾਰਿਤ ਕੀਤੇ ਗਏ ਵਿਸ਼ਿਆਂ ਤੇ "ਟੀ.ਵੀ."/ "ਰੇਡਿਓ" ਵਾਰਤਾਲਾਪਾਂ (50) ਪ੍ਰਦਾਨ ਕੀਤੀਆਂ। ਇਹ ਵਾਰਤਾਲਾਪਾਂ ਕਿਸਾਨਾਂ ਨੂੰ ਸਿੱਖਿਆ ਦੇਣ ਲਈ, ਇਕ ਬਹੁਤ ਚੰਗਾ ਮਾਧਿਅਮ ਬਣਦੀਆਂ ਹਨ ਅਤੇ ਕਿਸਾਨਾਂ ਵਿਚ ਬਹੁਤ ਲੋਕ-ਪਿਆਰੀਆਂ ਹਨ।

"ਕਿਸਾਨੀ ਜਥੇਬੰਦੀਆਂ"

ਡਾਇਰੈਕਟੋਰੇਟ, ਵੱਖੋ-ਵੱਖਰੀ ਜਥੇਬੰਦੀਆਂ ਜਿਵੇਂ ਕਿ "ਪ੍ਰੋਗਰੈਸਿਵ ਡੇਅਰੀ ਫਾਰਮਰਜ਼ ਐਸੋਸੀਏਸ਼ਨ (ਰਜਿਸਟਰਡ)", "ਇੰਨੋਵੇਟਿਵ ਫ਼ਿਸ਼ ਫ਼ਾਰਮਰਜ਼ ਐਸੋਸੀਏਸ਼ਨ (ਰਜਿਸਟਰਡ)", "ਪ੍ਰੋਗਰੈਸਿਵ ਪਿੱਗਰੀ ਫ਼ਾਰਮਰਜ਼ ਐਸੋਸੀਏਸ਼ਨ" ਅਤੇ "ਪੰਜਾਬ ਗੋਟ (ਬੱਕਰੀ) ਫ਼ਾਰਮਰਜ਼ ਐਸੋਸੀਏਸ਼ਨ" ਦੀਆਂ ਸਰਗਰਮੀਆਂ ਨੂੰ ਨਿਯਮਿਤ ਕਰਨ ਦੇ ਆਹਰੇ ਲੱਗਿਆ ਹੈ। ਯੂਨੀਵਰਸਿਟੀ ਦੇ ਮਾਹਿਰਾਂ ਦੀ ਤਕਨੀਕੀ ਅਗਵਾਈ ਹੇਠਾਂ, ਇਨ੍ਹਾਂ ਜਥੇਬੰਦੀਆਂ ਦੇ ਬਾਕਾਇਦਾ "ਇਕੱਠ"/ "ਸੈਮੀਨਾਰ", "ਗਡਵਾਸੂ" ਵਿਖੇ ਕੀਤੇ ਗਏ।

"ਫ਼ਾਰਮਰ ਐਡਵਾਈਜ਼ਰੀ ਸਰਵਿਸਿਜ਼" ("ਕਿਸਾਨ ਸਲਾਹ ਸੇਵਾਵਾਂ")

ਪਸ਼ੂ ਸਿਹਤ ਅਤੇ ਪ੍ਰਬੰਧ (ਰੱਖ-ਰਖਾਵ) ਦੀਆਂ ਸਮੱਸਿਆਵਾਂ ਸੰਬੰਧੀ ਪਸ਼ੂ-ਪਾਲਕਾਂ ਦੇ ਸਵਾਲਾਂ ਤੇ ਗ਼ੌਰ ਕਰਨ ਲਈ, "ਵੈਟਨਰੀ ਐਂਡ ਐਨੀਮਲ ਹਜ਼ਬੈਂਡ੍ਰੀ ਐਕਸਟੈਨਸ਼ਨ (ਵੈਟਨਰੀ ਅਤੇ ਪਸ਼ੂ ਪਾਲਨ ਵਿਸਤਾਰ) ਵਿਭਾਗ" ਵਿਚ "ਟੈਲੀਫ਼ੋਨਿਕ ਹੈਲਪ ਲਾਈਨ" ਦੀ ਵਿਵਸਥਾ ਕੀਤੀ ਗਈ ਹੈ। ਕਿਸਾਨਾਂ ਨੂੰ ਉਨ੍ਹਾਂ ਦੇ ਯੂਨੀਵਰਸਿਟੀ ਦੌਰੇ ਦੌਰਾਨ ਵੀ, ਤਕਨੀਕੀ ਸਲਾਹ ਪ੍ਰਦਾਨ ਕੀਤੀ ਗਈ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਡਾਕ ਰਾਹੀਂ "ਚਿੱਠੀ-ਪੱਤਰ" ਦੁਆਰਾ ਵੀ ਦਿੱਤੇ ਗਏ।

"ਐਗਰੀਕਲਚਰ ਟੈੱਕਨਾਲੋਜੀ ਮੈਨੇਜਮੈਂਟ ਏਜੰਸੀ" ("ਏ.ਟੀ.ਐੱਮ.ਏ." ATMA) ਤਹਤ "ਕਿਸਾਨ ਮੇਲੇ"

ਡਾਇਰੈਕਟੋਰੇਟ ਨੇ, "ਮੋਗਾ" ਅਤੇ "ਰੋਪੜ" ਵਿਖੇ "ਏ.ਟੀ.ਐਮ.ਏ" (ATMA) ਦੁਆਰਾ ਪ੍ਰਬੰਧ ਕੀਤੇ, "ਕਿਸਾਨ ਮੇਲਿਆਂ" ਵਿਚ ਹਿੱਸਾ ਲਿਆ।

"ਜ਼ੋਨਲ ਲਾਈਵਸਟਾਕ ਸ਼ੋਅਜ਼" ("ਜ਼ੋਨਲ ਪਸ਼ੂ-ਧਨ ਪ੍ਰਦਰਸ਼ਨੀਆਂ")

ਯੂਨੀਵਰਸਿਟੀ ਦੀ ਫ਼ੈਕਲਟੀ ਨੇ "ਪਸ਼ੂ ਪਾਲਨ ਵਿਭਾਗ, ਪੰਜਾਬ" ਦੁਆਰਾ "ਲੁਧਿਆਣਾ", "ਅੰਮ੍ਰਿਤਸਰ", "ਪਟਿਆਲਾ" ਅਤੇ "ਬਠਿੰਡਾ" ਵਿਖੇ ਪ੍ਰਬੰਧ ਕੀਤੇ "ਜ਼ੋਨਲ ਪਸ਼ੂ-ਧਨ ਪ੍ਰਦਰਸ਼ਨੀਆਂ" ਵਿਚ "ਜੱਜਾਂ" ("ਪਾਰਖੂਆਂ") ਦਾ ਕਿਰਦਾਰ ਨਿਭਾਇਆ।

"ਡੇਅਰੀ ਸ਼ੋਅਜ਼" ("ਡੇਅਰੀ ਪ੍ਰਦਰਸ਼ਨੀਆਂ")

ਯੂਨੀਵਰਸਿਟੀ ਦੀ ਫ਼ੈਕਲਟੀ ਨੇ, ਫ਼ਰਵਰੀ 2008 ਦੇ ਮਹੀਨੇ ਵਿਚ "ਪੀ.ਡੀ.ਐੱਫ਼.ਏ." (PDFA) ਦੁਆਰਾ ਪ੍ਰਬੰਧ ਕੀਤੇ ਤਿੰਨ-ਰੋਜ਼ਾ ਦੂਸਰੇ "ਡੇਅਰੀ ਸ਼ੋਅਜ਼" (ਪ੍ਰਦਰਸ਼ਨੀ) ਵਿਚ "ਤਕਨੀਕੀ ਸਹਾਇਤਾ" ਅਤੇ ਵਾਪਰੇ ਮਹੱਤਵਪੂਰਨ ਵਾਕਿਆਂ ਦੀਆਂ ਵੱਖੋ-ਵੱਖਰੀਆਂ ਸ਼੍ਰੇਣੀਆਂ ਦੀ "ਪਰਖ" ਕਰਨ ਵਿਚ ਸਹਾਇਤਾ ਪ੍ਰਦਾਨ ਕੀਤੀ।

"ਐੱਨ.ਏ.ਆਈ.ਪੀ. (NAIP) ਪ੍ਰਾਜੈਕੱਟ"

ਯੂਨੀਵਰਸਿਟੀ ਦੀ ਫ਼ੈਕਲਟੀ ਨੇ "ਐੱਨ.ਏ.ਆਈ.ਪੀ." (NAIP) ਦੇ "ਕੰਪੋਨੈਂਟ (ਅੰਸ਼)-3" ਦੇ ਹੇਠਾਂ "ਆਈ.ਸੀ.ਏ.ਆਰ." (ICAR) ਦੇ ਪ੍ਰਾਜੈਕੱਟ, "ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜੀਵਨ-ਨਿਰਬਾਹ ਦੀ ਸੁਰੱਖਿਆ ਲਈ ਲਗਾਤਾਰ ਕਾਇਮ ਰਹਿਣ-ਯੋਗ ਪਸ਼ੂ-ਧਨ ਆਧਾਰਿਤ ਖੇਤੀ ਢੰਗ" ਨੂੰ ਸ਼ੁਰੂ ਕਰਨ ਵਿਚ ਪ੍ਰਭਾਵਸ਼ਾਲੀ ਢੰਗ ਨਾਲ਼ ਹਿੱਸਾ ਲਿਆ।

"ਪਸ਼ੂ ਭਲਾਈ ਕੇਂਦਰ", "ਗੁੜ੍ਹੇ"

"ਗੁੜ੍ਹੇ" ਪਿੰਡ, "ਗਡਵਾਸੂ" ਦਾ ਅਪਣਾਇਆ ਹੋਇਆ ਪਿੰਡ ਹੈ। ਇਸ ਪਿੰਡ ਵਿਖੇ ਇਕ "ਪਸ਼ੂ ਭਲਾਈ ਕੇਂਦਰ" ਕੁਸ਼ਲਤਾ ਪੂਰਵਕ ਕੰਮ ਕਰ ਰਿਹਾ ਹੈ। ਮਾਹਿਰਾਂ ਦੀ ਟੀਮ ਇਸ "ਪਸ਼ੂ ਭਲਾਈ ਕੇਂਦਰ" ਦਾ ਨਿਯਮ ਅਨੁਸਾਰ ਦੌਰਾ ਕਰ ਰਹੀ ਹੈ। ਇਸ ਸਾਲ, "ਦੋ (2) ਪਸ਼ੂ ਭਲਾਈ ਕੈਂਪਾਂ" ਦਾ ਪ੍ਰਬੰਧ ਕੀਤਾ ਗਿਆ। ਨਿਯਮਬੱਧ ਕਲੀਨਿਕਲ ਮਾਮਲਿਆਂ ਵਿਚ, "ਮੈਡੀਸਨ" ਦੇ 459, "ਗਾਇਨੀਕੌਲੋਜੀ" ਦੇ 320 ਅਤੇ "ਸਰਜਰੀ" ਦੇ 84 ਮਾਮਲੇ ਸੀ। ਕੁਲ 863 ਪਸ਼ੂ ਮਾਮਲਿਆਂ ਦਾ ਇਲਾਜ ਕੀਤਾ ਗਿਆ। ਯੂਨੀਵਰਸਿਟੀ ਦੁਆਰਾ ਨਿਯਮ ਅਨੁਸਾਰ ਸੇਵਾਵਾਂ ਪ੍ਰਦਾਨ ਕਰਨ ਤੋਂ ਬਾਅਦ, "ਮੂੰਹ-ਖੁਰ ਰੋਗ" ਦੀ ਕੋਈ ਬਿਮਾਰੀ ਨਹੀਂ ਫੈਲੀ ਅਤੇ ਪਸ਼ੂਆਂ ਦੇ "ਲੇਵੇ ਦੀ ਸੋਜ" ("ਮੈਸਟਾਈਟਿਸ") ਦੇ ਮਾਮਲਿਆਂ ਤੇ ਪ੍ਰਭਾਵਸ਼ਾਲੀ ਢੰਗ ਨਾਲ਼ ਕਾਬੂ ਪਾ ਲਿਆ ਗਿਆ ਹੈ। ਇਸ ਤੋਂ ਬਿਨ੍ਹਾਂ, ਕੁਲ ਮਿਲਾ ਕੇ "ਦੁੱਧ ਉਤਪਾਦਨ", 20 ਪ੍ਰਤਿਸ਼ਤ ਵਧਿਆ।

"ਉਪਯੋਗ ਸੇਵਾਵਾਂ"

- ਵੱਖੋ-ਵੱਖਰੀ "ਸਰਕਾਰੀ"/ "ਅਰਧ-ਸਰਕਾਰੀ" ਅਤੇ "ਪ੍ਰਾਈਵੇਟ" ("ਨਿੱਜੀ") ਏਜੰਸੀਆਂ ਤੋਂ ਬੇਨਤੀ ਕਰਨ ਉਪਰੰਤ, ਵੱਖੋ-ਵੱਖਰੇ "ਸਿਖਲਾਈ ਪ੍ਰੋਗਰਾਮਾਂ" ਦਾ ਉਲੀਕਣਾ ਅਤੇ ਪ੍ਰਬੰਧ ਕਰਨਾ।
- ਯੂਨੀਵਰਸਿਟੀ ਦੇ ਪ੍ਰਕਾਸ਼ਨਾਂ ਜਿਵੇਂ ਕਿ "ਪ੍ਰੋਗਰੈਸਿਵ ਲਾਈਵਸਟਾਕ ਫ਼ਾਰਮਿੰਗ", "ਡੇਅਰੀ ਫ਼ਾਰਮਿੰਗ (ਪੰਜਾਬੀ)", "ਵਿਗਿਆਨਕ ਪਸ਼ੂ ਪਾਲਨ", "ਗੋਟ ਫ਼ਾਰਮਿੰਗ ਇਨ ਪੰਜਾਬ", "ਗਡਵਾਸੂ ਹੈਂਡ-ਬੁਕ" ਅਤੇ "ਕੈਲੰਡਰ" ਅਤੇ "ਵੈੱਟ ਐੱਲਯੂਮਿਨਸ" ਦੀ ਤਿਆਰੀ ਅਤੇ ਵਿਕਰੀ ਅਤੇ ਵੰਡ।

>8@frmd9Lf `idHnmf! &>e9qci`i!' lq >@Lrmdcp!

ਲਗਭਗ 140 ਪੜ੍ਹਨ ਵਾਲ਼ਿਆਂ ਲਈ "ਬੈਠਣ" ਦੀ ਸਮਰਥਾ ਰੱਖਣ ਵਾਲ਼ੀ "ਯੂਨੀਵਰਸਿਟੀ ਲਾਇਬ੍ਰੇਰੀ" ("ਪੁਸਤਕਾਲਾ") ਸਥਾਪਿਤ ਕੀਤੀ ਜਾ ਚੁੱਕੀ ਹੈ, ਜਿਸ ਵਿਚ ਆਧੁਨਿਕ ਸੁਵਿਧਾਵਾਂ ਉਪਲਬਧ ਹਨ। ਇਸ "ਵਾਯੂ-ਅਨੁਕੂਲਿਤ" ਲਾਇਬ੍ਰੇਰੀ ਦਾ "ਕੱਮਪਯੂਟਰੀਕਰਣ" ਕੀਤਾ ਜਾ ਚੁੱਕਾ ਹੈ ਅਤੇ ਇਸ ਦਾ ਕੰਮ-ਕਾਜ "ਸਵੈਚਾਲਿਤ ਮਸ਼ੀਨਾਂ" ਨਾਲ਼ ਹੁੰਦਾ ਹੈ। ਲਾਇਬ੍ਰੇਰੀ ਦੇ ਕੰਮ-ਕਾਜਾਂ ("ਰਸਾਲਿਆਂ ਦੀ ਪ੍ਰਾਪਤੀ", "ਵਿਸ਼ੇ ਸੂਚੀ ਅਨੁਸਾਰ ਵੰਡ", "ਨਿਯਮ ਅਨੁਸਾਰ ਗੇੜਾ" ਅਤੇ "ਪ੍ਰਕਾਸ਼ਨ ਲੜੀਆਂ ਤੇ ਨਿਗਰਾਨੀ") ਦੇ "ਸਵੈਚਾਲਨ" ਲਈ "ਲਿਬਸਿੱਸ ਸਾਫ਼ਟਵੇਅਰ" ਦੀ ਵਰਤੋਂ ਕੀਤੀ ਗਈ ਹੈ। ਲਾਇਬ੍ਰੇਰੀ ਦੇ ਅਨੇਕ ਤਰ੍ਹਾਂ ਦੇ "ਅੰਕੀਕ੍ਰਿਤ ("ਡਿਜੀਟਲ") ਸਾਧਨਾਂ" ਨੂੰ ਇੱਕੋ ਥਾਂ ਤੇ "ਆਨ-ਲਾਈਨ" ਪਹੁੰਚ ਪ੍ਰਦਾਨ ਕਰਨ ਲਈ, "ਸੂਚਨਾ ਟੈੱਕਨਾਲੋਜੀ" ਅਤੇ "ਲਾਇਬ੍ਰੇਰੀ" ਦਾ ਏਕੀਕਰਨ ਕੀਤਾ ਜਾ ਚੁੱਕਾ ਹੈ। ਲਾਇਬ੍ਰੇਰੀ ਆਪਣੇ ਇਕੱਠੇ ਕੀਤੇ "ਰਸਾਲਿਆਂ" ਅਤੇ ਹੋਰ "ਪੁਸਤਕਾਂ" ਦੀ ਖੁੱਲੇ ਰੂਪ ਵਿਚ ਪਹੁੰਚ ਪ੍ਰਦਾਨ ਕਰਦੀ ਹੈ।

"ਯੂਨੀਵਰਸਿਟੀ ਲਾਇਬ੍ਰੇਰੀ" ਨੇ "ਵੈਟਨਰੀ ਅਤੇ ਪਸ਼ੂ ਵਿਗਿਆਨ", "ਮੱਛੀ-ਪਾਲਨ" ("ਫਿਸ਼ਰੀਜ਼") ਅਤੇ ਇਨ੍ਹਾਂ ਨਾਲ਼ ਜੁੜੇ ਹੋਏ ਖ਼ੇਤਰਾਂ ਨਾਲ਼ ਸੰਬੰਧਿਤ ਪੁਸਤਕਾਂ ਦੀ, "ਮੌਕੇ ਤੇ ਹੀ ਚੋਣ" ਲਈ 24-25 ਜਨਵਰੀ, 2008 ਨੂੰ "ਦੋ ਰੋਜਾ" "ਕਿਤਾਬ ਪ੍ਰਦਰਸ਼ਨੀ" ਦਾ ਸਫ਼ਲਤਾਪੂਰਵਕ ਪ੍ਰਬੰਧ ਕੀਤਾ। ਉੱਤਰ ਭਾਰਤ ਤੋਂ ਅਠ੍ਹਾਰਾਂ (18) ਪ੍ਰਸਿੱਧ "ਕਿਤਾਬ ਪ੍ਰਕਾਸ਼ਕਾਂ" ਅਤੇ "ਵਿਤਰਕਾਂ" ਨੇ ਭਾਗ ਲਿਆ। ਬਹੁਤ ਵੱਡੀ ਸੰਖਿਆ ਵਿਚ, ਵਿਦਿਆਰਥੀਆਂ ਅਤੇ ਫ਼ੈਕਲਟੀ ਮੈਂਮਬਰਾਂ ਨੇ ਇਸ ਪ੍ਰਦਰਸ਼ਨੀ ਦਾ ਦੌਰਾ ਕੀਤਾ ਅਤੇ ਵੱਖੋ-ਵੱਖਰੇ ਵਿਸ਼ਿਆਂ ਦੇ ਆਧੁਨਿਕਤਮ ਪ੍ਰਸੰਗਾਂ ਵਿਚ ਗਹਰੀ ਦਿਲਚਸਪੀ ਵਿਖਾਈ। ਲਾਇਬ੍ਰੇਰੀ ਨੇ 16,80,477/- ਰੁਪਏ ਦੀ ਕੀਮਤ ਦੀਆਂ, ਵੱਖੋ-ਵੱਖਰੇ ਵਿਸ਼ਿਆਂ ਦੀਆਂ, 702 ਕਿਤਾਬਾਂ ਖਰੀਦੀਆਂ। ਇਸ ਅਵਧੀ ਦੌਰਾਨ, ਲਾਇਬ੍ਰੇਰੀ 16,08,234/- ਰੁਪਏ ਦੇ ਚੰਦੇ ਦੀ ਕੀਮਤ ਤੇ 41 ਵਿਦੇਸ਼ੀ ਅਤੇ 13 ਭਾਰਤੀਆ ਰਸਾਲਿਆਂ ("ਜਰਨਲਾਂ") ਦੀ ਗਾਹਕ ਬਣੀ। ਲਾਇਬ੍ਰੇਰੀ, ਦੋ (2) "ਡੈਟਾਬੇਸਾਂ" ("ਵੈਟਨਰੀ ਸਾਇੰਸ ਡੈਟਾਬੇਸ" ਅਤੇ "ਇੰਡੀਆਸਟੈਟ ਡਾਟ ਕਾਮ") ਅਤੇ ਇਕ ਅੰਕੜਿਆਂ ਸੰਬੰਧੀ "ਪੈਕੇਜ", "ਐੱਸ ਪੀ ਐੱਸ ਐੱਸ (SPSS) 16.0" ਦੀ ਵੀ ਗਾਹਕ ਬਣੀ। ਖੇਤੀਬਾੜੀ ਵਿਚ "ਈ ਸਾਧਨਾਂ" ਲਈ "ਕਨਸਾਰਟਿਅਮ" ("ਅੰਤਰਰਾਸ਼ਟਰੀ ਸੰਘ"), ਜੋ 2000 ਤੋਂ ਵੱਧ ਰਸਾਲਿਆਂ ("ਜਰਨਲਾਂ") ਦੇ ਸੰਗ੍ਰਹਿ ਨੂੰ ਪਹੁੰਚ ਪ੍ਰਦਾਨ ਕਰਦਾ ਹੈ, ਸਥਾਪਿਤ ਕੀਤਾ ਜਾ ਚੁੱਕਾ ਹੈ। ਵਿਦੇਸ਼ੀ ਰਸਾਲਿਆਂ (ਜਰਨਲਾਂ) ਨੂੰ ਵੀ "ਆਨ-ਲਾਈਨ" ਪਹੁੰਚ ਪ੍ਰਦਾਨ ਕੀਤੀ ਗਈ। ਲਾਇਬ੍ਰੇਰੀ 9 ਅਖ਼ਬਾਰਾਂ ਅਤੇ 12 ਮੈਗਜ਼ੀਨਾਂ ਦੀ ਵੀ ਗਾਹਕ ਬਣੀ। ਛਪੰਜਾ (56) ਅਧਿਆਪਕਾਂ ਨੂੰ "ਕਿਤਾਬਾਂ" ਜਾਂ "ਰਸਾਲੇ" ("ਜਰਨਲਾਂ") ਖਰੀਦਣ ਅਤੇ "ਪੇਸ਼ੇਵਰ ਸੰਸਥਾਵਾਂ" ਦੀ ਸਦੱਸਤਾ ਲੈਣ ਲਈ, 26, 300/- ਰੁਪਏ ਦੀ ਕੀਮਤ ਦੀ "ਅਨੁਦਾਨ" ("ਸਬਸੀਡੀ") ਰਾਸ਼ੀ ਦਿੱਤੀ ਗਈ। "ਥੀਸਿੱਸ" ਅਤੇ "ਡੀਜ਼ਰਟੇਸ਼ਨਾਂ" ਦੇ ਅੰਕੀਕਰਣ ("ਡਿਜਿਟਾਈਜੇਸ਼ਨ"), ਦਾ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। "ਵੈਟਨਰੀ ਪਸ਼ੂ-ਵਿਗਿਆਨ", "ਮੱਛੀ-ਪਾਲਨ ਵਿਗਿਆਨ", "ਪਸ਼ੂ ਜੀਵ-ਵਿਗਿਆਨ ਤਕਨਾਲੋਜੀ" ("ਬਾਇਓਟੈੱਕਨੌਲੋਜੀ"), "ਡੇਅਰੀ ਸਇੰਸ

ਅਤੇ ਤਕਨਾਲੋਜੀ" ਅਤੇ ਸੰਬੰਧਿਤ ਖ਼ੇਤਰਾਂ ਦੇ ਵੱਖੋ-ਵੱਖਰੇ ਵਿਸ਼ਿਆਂ ਵਿਚ, ਆਧੁਨਿਕਤਮ ਪ੍ਰਸੰਗਾਂ ਉੱਤੇ ਉਪਲਬਧ ਸ੍ਰੇਸ਼ਟ "ਇੰਟਰਨੈਟ ਸਾਧਨਾਂ" ਦੀ "ਪਛਾਣ ਕਰਨ", "ਇਕੱਠਾ ਕਰਨ" ਅਤੇ "ਵਿਵਸਥਾ ਕਰਨ" ਦਾ ਕੰਮ ਚੱਲ ਰਿਹਾ ਹੈ। ਵਿਵਥਿਤ ਕੀਤੀ "ਲੇਖ ਸਾਮਗ੍ਰੀ" ਨੂੰ "ਲੋਕਲ ਏਰੀਆ ਨੈਟਵਰਕ" ("ਲੈਨ", LAN) ਤੇ ਪਾ ਦਿੱਤਾ ਜਾਵੇਗਾ। ਢੁੱਕਵੀਂ ਨਿਰਮਾਣ ਕਲਾ ਨਾਲ਼ "ਕੈਂਪੱਸ" ਵਿਚ ਫੈਲੇ "ਨੈਟਵਰਕ" ਦੇ ਖ਼ਾਕੇ ਦੀ ਰੂਪ-ਰੇਖਾ ਤਿਆਰ ਕੀਤੀ ਗਈ ਅਤੇ ਨੈਟਵਰਕ ਬਿਛਾਇਆ ਗਿਆ। "ਆਪਟਿਕ ਫ਼ਾਈਬਰ" ਦੀਆਂ ਬਾਰ੍ਹਾਂ (12) ਕਿਲੋਮੀਟਰ ਤੋਂ ਵੱਧ ਅਤੇ "ਸੀ ਏ ਟੀ 6" (CAT 6) "ਕੇਬਲਾਂ" ਦੀਆਂ 5 ਕਿਲੋਮੀਟਰ ਤੋਂ ਵੱਧ "ਤਾਰਾਂ" ਅਤੇ ਨੈਟਵਰਕ ਦੇ ਦੂਸਰੇ ਅਚਰ ("ਪੈਸਿੱਵ") ਅੰਸ਼ ਸਥਾਪਿਤ ਕੀਤੇ ਗਏ। ਕੈਂਪੱਸ ਨੈਟਵਰਕ ਦੇ, ਫ਼ਰਵਰੀ 2009 ਦੇ ਅੰਤ ਤਕ ਪੂਰੀ ਤਰ੍ਹਾਂ ਕ੍ਰਿਆਸ਼ੀਲ ਹੋ ਜਾਣ ਦੀ ਆਸ ਹੈ। ਤੇਜ ਰਫ਼ਤਾਰ "ਇੰਟਰਨੈਟ" ਸੇਵਾਵਾਂ ਪ੍ਰਦਾਨ ਕਰਨ ਲਈ, 4 "ਐੱਮ ਬੀ ਪੀ ਐੱਸ" (Mbps) ਦੀ ਲਾਈਨ "ਪਟੇ" ("ਲੀਜ਼") ਤੇ ਸਥਾਪਿਤ ਕੀਤੀ ਗਈ। ਕੇਂਦਰ ਤੋਂ "ਨੈਟਵਰਕ" ਦੇ "ਪ੍ਰਬੰਧ ਕਰਨ", "ਕਾਬੂ ਕਰਨ" ਅਤੇ "ਸੁਰਖਿਅਤ ਰੱਖਣ ਲਈ", "ਯੂਨੀਫ਼ਾਈਡ ਥ੍ਰੈੱਟ ਮੈਨੇਜਮੈਂਟ ਸੌਲੱਯੂਸ਼ਨ" ("ਯੂ ਟੀ ਐੱਮ ਐੱਸ") ਪ੍ਰਦਾਨ ਕੀਤਾ ਗਿਆ। "ਨੈਟਵਰਕ" ਦੀ ਵਰਤੋਂ ਕਰਨ ਵਾਲ਼ਿਆਂ ਨੂੰ ਦੋ ਸਮੂਹਾਂ ("ਗ੍ਰੁੱਪਾਂ") ਵਿਚ ਵੰਡਿਆ ਗਿਆ ਹੈ: "ਸਟਾਫ਼" ਅਤੇ "ਵਿਦਿਆਰਥੀ"। ਹਰੇਕ ਸਮੂਹ ("ਗ੍ਰੁੱਪ") ਦੀ ਆਪੋ-ਆਪਣੀ ਨਿਰਧਾਰਿਤ "ਬੈਂਡਵਿਡਥ" ਹੈ। "ਨੈਟਵਰਕ" ਦੀ ਪਹੁੰਚ, "ਯੂਜ਼ਰਨੇਮ" (ਵਰਤੋਂ ਵਾਲ਼ੇ ਦੇ ਨਾਮ) ਰਾਹੀਂ ਸੁਨਿਸ਼ਚਿਤ ਕੀਤੀ ਜਾ ਚੁੱਕੀ ਹੈ।

>wtl! lq >eikcu 9nVf hm 9mpmufll!

"ਖੇਡਾਂ":

"ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ" ਨੇ ਆਪਣੀਆਂ "ਖੇਡਾਂ" ਅਤੇ "ਯੁਵਕ ਸਰਗਰਮੀਆਂ" ਲਈ ਵਿਦਿਅਕ ਸਾਲ 2006-07 ਵਿਚ, "ਭਾਰਤੀਆ ਯੂਨੀਵਰਸਿਟੀਆਂ ਦੇ ਸੰਘ" ਤੋਂ ਮਾਨਤਾ ਪ੍ਰਾਪਤ ਕੀਤੀ। ਰਿਪੋਰਟ ਦੇ ਅਧੀਨ ਅਵਧੀ ਦੌਰਾਨ, ਯੂਨੀਵਰਸਿਟੀ ਨੇ ਵਿਦਿਆਰਥੀਆਂ ਦਰਮਿਆਨ "ਖੇਡਾਂ ਸਰਗਰਮੀਆਂ" ਨੂੰ ਵਧਾਉਣ ਲਈ ਚੋਖੀ ਸਹੂਲਤਾਂ ਦੀ ਸਿਰਜਣਾ ਕੀਤੀ। ਵੱਖੋ-ਵੱਖਰੇ ਅੰਗੀਕਾਰ ਕਾਲਜਾਂ ਤੋਂ ਵੱਡੀ ਸੰਖਿਆ ਵਿਚ, ਵਿਦਿਆਰਥੀਆਂ (ਮੁੰਡੇ ਅਤੇ ਕੁੜੀਆਂ ਦੋਵਾਂ) ਨੇ "ਖੇਡ ਸਰਗਰਮੀਆਂ" ਵਿਚ ਗਹਰੀ ਦਿਲਚਸਪੀ ਵਿਖਾਈ। "ਗਡਵਾਸੂ" ਦੇ ਵਿਦਿਆਰਥੀਆਂ ਦੀ ਕੁਲ ਗਿਣਤੀ ਦੇ 30 ਪ੍ਰਤਿਸ਼ਤ ਤੋਂ ਵੱਧ ਨੇ, "ਅੰਤਰ-ਵਰਸਿਟੀ ਮੁਕਾਬਲਿਆਂ" ਵਿਚ ਭਾਗ ਲਿਆ ਅਤੇ 19 "ਸੋਨੇ" ਦੇ, ਇਕ "ਚਾਂਦੀ" ਦਾ ਅਤੇ ਅੱਠ (8) "ਕਾਂਸੇ" ਦੇ ਤਮਗੇ ("ਮੈਡਲ") ਜਿੱਤੇ। ਸਾਲ 2008 ਦੌਰਾਨ, "ਖੇਡ ਸਰਗਰਮੀਆਂ" ਵਿਚ ਮੁਹਾਰਤ (ਪ੍ਰਬੀਣਤਾ) ਲਈ ਤਕਰੀਬਨ 160 ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ "ਉਤਸ਼ਾਹ ਅੰਕ" ਦੇਣ ਦੀ ਸਿਫ਼ਾਰਿਸ਼ ਕੀਤੀ ਗਈ। ਜਨਵਰੀ ਤੋਂ ਦਿਸੰਬਰ 2008 ਤਕ, "ਅੰਤਰ-ਵਰਸਿਟੀ ਖੇਡ ਮੁਕਾਬਲਿਆਂ" ਦੌਰਾਨ, "ਗਡਵਾਸੂ" ਦੀ ਟੀਮਾਂ ਦਾ ਪ੍ਰਦਰਸ਼ਨ ਹੇਠ ਅਨੁਸਾਰ ਹੈ:-

"ਰਹੂੜੀ" ਵਿਖੇ 22-25 ਫ਼ਰਵਰੀ, 2008 ਵਿਚ ਹੋਈ "ਸਰਵ ਭਾਰਤੀ ਅੰਤਰ-ਖੇਤੀਬਾੜੀ ਯੂਨੀਵਰਸਿਟੀਆਂ ਦੀ "ਸਪੋਰਟਸ" ਅਤੇ "ਗੇਮਸ" ਇਕੱਤਰਤਾ"

1. "ਬਾਸਕਿਟ-ਬਾਲ" ("ਪੁਰਸ਼ਾਂ") ਦੀ ਟੀਮ ਨੇ "ਸੋਨੇ" ਦਾ ਤਮਗਾ ਜਿੱਤਿਆ (ਲਗਾਤਾਰ ਦੂਸਰੀ ਵਾਰ)।
2. "ਐਥਲੈਟਿੱਕਸ" ਵਿਚ "ਬਲਤੇਜ ਸਿੰਘ" ਨੇ "100 ਮੀਟਰ ਦੌੜ" ਵਿਚ "ਸੋਨੇ" ਦਾ ਤਮਗਾ ਹਾਸਲ ਕੀਤਾ, "ਕੁਲਜੋਤਵੀਰ" ਨੇ "100 ਮੀਟਰ ਦੌੜ" ਵਿਚ "ਚਾਂਦੀ" ਦਾ ਤਮਗਾ ਹਾਸਲ ਕੀਤਾ, "ਬੀਰ ਜੋਗਿੰਦਰ ਸਿੰਘ" ਨੇ "ਡਿਸਕਸ ਥ੍ਰੋ" ਅਤੇ "ਸ਼ਾਟ ਪੁਟ" ਵਿਚ "ਕਾਂਸੇ" ਦਾ ਤਮਗਾ ਹਾਸਲ ਕੀਤਾ ਅਤੇ "ਪ੍ਰਿਅੰਕਾ ਰਾਨਾ" ਨੇ "100 ਮੀਟਰ ("ਮਹਿਲਾ") ਦੌੜ" ਵਿਚ "ਕਾਂਸੇ" ਦਾ ਤਮਗਾ ਹਾਸਲ ਕੀਤਾ।

ਪੰਤਨਗਰ (ਉੱਤਰਾਂਚਲ) ਵਿਖੇ 27-29 ਮਾਰਚ, 2008 ਵਿਚ ਹੋਈ "ਸਰਵ ਭਾਰਤੀ ਅੰਤਰ-ਵਰਸਿਟੀ ਕਾਲਜਾਂ ਦੇ "ਚਿੜੀ ਛਿੱਕਾ" ਅਤੇ "ਟੇਬਲ ਟੈਨਿਸ" ("ਪੁਰਸ਼" ਅਤੇ "ਮਹਿਲਾ") ਟੂਰਨਾਮੈਂਟ"

1. "ਟੇਬਲ ਟੈਨਿਸ" ("ਪੁਰਸ਼") ਟੀਮ ਨੇ "ਸੋਨੇ" ਦਾ ਤਮਗਾ ਹਾਸਿਲ ਕੀਤਾ।
2. "ਚਿੜੀ-ਛਿੱਕਾ" ("ਪੁਰਸ਼") ਟੀਮ ਨੇ "ਸੋਨੇ" ਦਾ ਤਮਗਾ ਹਾਸਿਲ ਕੀਤਾ।
3. "ਟੇਬਲ-ਟੈਨਿਸ" ("ਮਹਿਲਾ") ਟੀਮ ਨੇ "ਕਾਂਸੇ" ਦਾ ਤਮਗਾ ਹਾਸਿਲ ਕੀਤਾ।
4. "ਚਿੜੀ-ਛਿੱਕਾ" ("ਮਹਿਲਾ") ਟੀਮ "ਕੁਆਟਰ ਫ਼ਾਈਨਲ" ਤਕ ਪਹੁੰਚੀ।

"ਉੱਤਰ ਜ਼ੋਨ" ਦੇ "ਅੰਤਰ-ਵਰਸਿਟੀ ਮੁਕਾਬਲੇ"

1. "ਵੈਟਨਰੀ ਸਾਇੰਸ ਕਾਲਜ", "ਗਡਵਾਸੂ" ਦੇ ਵਿਦਿਆਰਥੀ "ਬਲਜਿੰਦਰ ਸਿੰਘ" ਨੇ "ਪੰਜਾਬੀ ਯੂਨੀਵਰਸਿਟੀ, ਪਟਿਆਲਾ" ਵਿਖੇ 18 ਤੋਂ 23 ਜਨਵਰੀ, 2008 ਨੂੰ ਹੋਏ "ਉੱਤਰ ਜ਼ੋਨ ਅੰਤਰ-ਵਰਸਿਟੀ ਬੈਸਟ ਫ਼ਿਜ਼ੀਕ" ("ਸਭ ਤੋਂ ਚੰਗੀ ਸ਼ਰੀਰਿਕ

ਬਣਤਰ") ਟੂਰਨਾਮੈਂਟ" ਵਿਚ ਹਿੱਸਾ ਲਿਆ।

2. "ਗਡਵਾਸੂ" ਦੀ "ਹਾਕੀ" ("ਪੁਰਸ਼") ਟੀਮ ਨੇ "ਪੀ.ਏ.ਯੂ, ਲੁਧਿਆਣਾ" ਵਿਖੇ 15 ਤੋਂ 21 ਜਨਵਰੀ, 2008 ਨੂੰ ਹੋਏ "ਉੱਤਰ-ਜ਼ੋਨ ਅੰਤਰ-ਵਰਸਿਟੀ ਟੂਰਨਾਮੈਂਟ" ਵਿਚ ਹਿੱਸਾ ਲਿਆ।

3. "ਗਡਵਾਸੂ" ਦੀ "ਫੁੱਟਬਾਲ" ("ਪੁਰਸ਼") ਟੀਮ ਨੇ "ਪੰਜਾਬੀ ਯੂਨੀਵਰਸਿਟੀ, ਪਟਿਆਲਾ" ਵਿਖੇ 18 ਤੋਂ 24 ਅਕਤੂਬਰ, 2008 ਨੂੰ ਹੋਏ "ਉੱਤਰ ਜ਼ੋਨ ਅੰਤਰ ਵਰਸਿਟੀ-ਟੂਰਨਾਮੈਂਟ" ਵਿਚ ਹਿੱਸਾ ਲਿਆ।

4. "ਗਡਵਾਸੂ" ਦੀ "ਹੈਂਡ-ਬਾਲ" ("ਪੁਰਸ਼" ਅਤੇ "ਮਹਿਲਾ") ਟੀਮ ਨੇ "ਕਲਿਆਣੀ ਯੂਨੀਵਰਸਿਟੀ, ਪੱਛਮੀ ਬੰਗਾਲ" ਵਿਖੇ 20 ਤੋਂ 24 ਅਕਤੂਬਰ, 2008 ਨੂੰ ਹੋਏ "ਉੱਤਰ ਜ਼ੋਨ ਅੰਤਰ-ਵਰਸਿਟੀ ਟੂਰਨਾਮੈਂਟ" ਵਿਚ ਹਿੱਸਾ ਲਿਆ।

5. "ਗਡਵਾਸੂ" ਦੀ "ਚਿੜੀ ਛਿੱਕਾ" ("ਪੁਰਸ਼" ਅਤੇ "ਮਹਿਲਾ") ਟੀਮ ਨੇ "ਐੱਨ.ਆਈ.ਟੀ." (NIT), ਜਲੰਧਰ ਵਿਖੇ 30 ਅਕਤੂਬਰ ਤੋਂ 03 ਨਵੰਬਰ, 2008 ਨੂੰ ਹੋਏ "ਉੱਤਰ ਜ਼ੋਨ ਅੰਤਰ-ਵਰਸਿਟੀ ਟੂਰਨਾਮੈਂਟ" ਵਿਚ ਹਿੱਸਾ ਲਿਆ।

6. "ਗਡਵਾਸੂ" ਦੀ "ਟੇਬਲ-ਟੈਨਿਸ" ("ਪੁਰਸ਼" ਅਤੇ "ਮਹਿਲਾ") ਟੀਮ ਨੇ "ਯੂਨੀਵਰਸਿਟੀ ਆਫ਼ ਜੰਮੂ, ਜੰਮੂ" ਵਿਖੇ 03 ਤੋਂ 06 ਨਵੰਬਰ, 2008 ਨੂੰ ਹੋਏ "ਉੱਤਰ ਜ਼ੋਨ ਅੰਤਰ-ਵਰਸਿਟੀ ਟੂਰਨਾਮੈਂਟ" ਵਿਚ ਹਿੱਸਾ ਲਿਆ।

7. "ਗਡਵਾਸੂ" ਦੀ "ਬਾਸਕਿਟ-ਬਾਲ" ("ਪੁਰਸ਼") ਟੀਮ ਨੇ "ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ" ਵਿਖੇ 23 ਤੋਂ 26 ਨਵੰਬਰ, 2008 ਨੂੰ ਹੋਏ "ਉੱਤਰ ਜ਼ੋਨ ਅੰਤਰ-ਵਰਸਿਟੀ ਟੂਰਨਾਮੈਂਟ" ਵਿਚ ਹਿੱਸਾ ਲਿਆ।

8. "ਗਡਵਾਸੂ" ਦੀ "ਕ੍ਰਿਕੇਟ" ("ਪੁਰਸ਼") ਟੀਮ ਨੇ "ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ" ਵਿਖੇ 23 ਤੋਂ 28 ਨਵੰਬਰ, 2008 ਨੂੰ ਹੋਏ "ਉੱਤਰ ਜ਼ੋਨ ਅੰਤਰ-ਵਰਸਿਟੀ ਟੂਰਨਾਮੈਂਟ" ਵਿਚ ਹਿੱਸਾ ਲਿਆ।

"ਗਡਵਾਸੂ" ਦੀ ਦੂਸਰੀ ਸਾਲਾਨਾ "ਐਥਲੈਟਿਕ ਇੱਕਤਰਤਾ" (4 ਮਾਰਚ, 2008)

1. "ਵੈਟਨਰੀ ਸਾਇੰਸ ਕਾਲਜ" ਦੀ "ਪ੍ਰਿਅੰਕਾ ਰਾਨਾ" ਨੂੰ "ਮਹਿਲਾ ਵਰਗ" ਵਿਚ "ਸਭ ਤੋਂ ਚੰਗੀ ਐਥਲੀਟ" ਐਲਾਨ ਕੀਤਾ ਗਿਆ।

2. "ਵੈਟਨਰੀ ਸਾਇੰਸ ਕਾਲਜ" ਦੇ "ਬਲਤੇਜ ਸਿੰਘ" ਨੂੰ "ਪੁਰਸ਼ ਵਰਗ" ਵਿਚ "ਸਭ ਤੋਂ ਚੰਗਾ ਐਥਲੀਟ" ਐਲਾਨ ਕੀਤਾ ਗਿਆ।

"ਸਭਿਆਚਾਰਕ ("ਸਾਂਸਕ੍ਰਿਤਿਕ") ਸਰਗਰਮੀਆਂ"

- "ਗਡਵਾਸੂ" ਦੀ ਟੀਮ ਨੇ "ਪੰਜਾਬ ਯੂਨੀਵਰਸਿਟੀ ਚੰਡੀਗੜ੍ਹ" ਵਿਖੇ 03 ਤੋਂ 06 ਮਾਰਚ, 2008 ਨੂੰ ਹੋਏ "ਰਾਸ਼ਟਰੀ ਯੁਵਕ ਮੇਲੇ" ਵਿਚ ਹਿੱਸਾ ਲਿਆ ਅਤੇ "ਸਕਿੱਟ" ਵਿਚ "ਸੋਨੇ" ਦਾ ਅਤੇ "ਰੰਗੋਲੀ" ਵਿਚ "ਚਾਂਦੀ" ਦਾ ਤਮਗਾ ਜਿੱਤਿਆ।

- "ਗਡਵਾਸੂ" ਦੇ ਵਿਦਿਆਰਥੀਆਂ ਨੇ "ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ" ਵਿਖੇ 13 ਤੋਂ 17 ਦਿਸੰਬਰ, 2008 ਨੂੰ ਹੋਏ "ਚੌਵੀਵੇਂ" (24th) ਉੱਤਰ ਜ਼ੋਨ ਅੰਤਰ-ਵਰਸਿਟੀ ਯੁਵਕ ਮੇਲੇ" ਵਿਚ ਹਿੱਸਾ ਲਿਆ।

>dH9LL 8d@L!

"ਇਸਟੇਟ ਯੂਨਿਟ" ਨਵੀਆਂ ਇਮਾਰਤਾਂ ਦੀ ਉਸਾਰੀ, ਮੌਜੂਦਾ ਇਮਾਰਤਾਂ ਦੀ ਕਾਇਆ-ਕਲਪ, ਬਾਗ਼ਬਾਨੀ, ਸੁਰੱਖਿਆ ਅਤੇ ਇਮਾਰਤਾਂ ਦੀ ਦੇਖ-ਭਾਲ ਅਤੇ ਨਿਗਰਾਨੀ ਦਾ ਕੰਮ ਕਰੀ ਜਾ ਰਿਹਾ ਹੈ। ਨਵੀਆਂ ਇਮਾਰਤਾਂ ਦੀ ਉਸਾਰੀ ਅਤੇ ਮੌਜੂਦਾ ਇਮਾਰਤਾਂ ਦੀ ਕਾਇਆ-ਕਲਪ (ਨੂਤਨੀਕਰਨ) ਦੇ ਕਈ ਪ੍ਰਾਜੈਕਟ, "ਗਲਾਡਾ" (GLADA) ਰਾਹੀਂ ਸ਼ੁਰੂ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਕੁਝ ਸਿਰੇ ਚੜ੍ਹ ਚੁੱਕੇ ਹਨ ਅਤੇ ਦੂਸਰੇ ਪੂਰੇ ਹੋਣ ਦੇ ਨਜ਼ਦੀਕ ਹਨ। "ਪ੍ਰਦਰਸ਼ਨ", "ਖ਼ੋਜ", ਅਤੇ "ਸਿਖਲਾਈ" ਦੇ ਮੰਤਵ ਲਈ "ਕਾਲਝਰਾਣੀ", "ਪਦਰੀ ਕਲਾਂ" ਅਤੇ "ਤਲਵਾੜਾ" ਵਿਖੇ ਤਿੰਨ "ਖੇਤਰੀ ਸਟੇਸ਼ਨ" ਮੰਜੂਰ ਕੀਤੇ ਗਏ। "ਕਾਲਝਰਾਣੀ" ਵਿਖੇ "ਬੁਨਿਆਦੀ ਢਾਂਚੇ" ("ਇਨਫ੍ਰਾਸਟ੍ਰੱਕਚਰ") ਪ੍ਰਦਾਨ ਕਰਨ ਲਈ ਯਤਨ ਜਾਰੀ ਹਨ ਅਤੇ ਕੰਮ ਤਰੱਕੀ ਤੇ ਹੈ। "ਬਾਗ਼ਬਾਨੀ ਇਕਾਈ" ਦੁਆਰਾ ਕੀਤੇ ਗਏ ਸਖ਼ਤ ਮਿਹਨਤ ਦੇ ਕੰਮ ਨੇ ਦੋਵੇਂ "ਕੈਮਪੱਸਾਂ" (ਇਹਾਤਿਆਂ) ਦੀ ਦ੍ਰਿਸ਼ਾਵਲੀ ਬਦਲ ਕੇ ਰੱਖ ਦਿੱਤੀ ਹੈ। "ਪ੍ਰਸ਼ਾਸਨਿਕ ਬਲਾਕ" ਅਤੇ "ਵੈਟਨਰੀ ਕਾਲਜ" ਸ਼ੋਭਾਵਾਨ ਨਜ਼ਾਰਾ ਦੇ ਰਹੇ ਹਨ।

ਸਾਲ 2008 ਦੌਰਾਨ ਸੰਪੰਨ ਹੋਏ ਉਸਾਰੀ / ਮੁਰੰਮਤ/ ਨੂਤਨੀਕਰਨ ਦੇ ਕੰਮ

- "ਲਾਇਬ੍ਰੇਰੀ ਭਵਨ" ਦੀ ਉਸਾਰੀ
- "ਪ੍ਰਸ਼ਾਸਨਿਕ ਬਲਾਕ" ਦੀ "ਜ਼ਮੀਨੀ ਮੰਜਿਲ" ਅਤੇ" ਪਹਿਲੀ ਮੰਜਿਲ" ਦਾ ਨੂਤਨੀਕਰਨ ਅਤੇ ਮੁਰੰਮਤ
- ਵੱਛਿਆਂ ਦੇ ਛੋਟੇ ਵਾੜਿਆਂ ਦਾ ਮੁੜ ਨਮੂਨਾ ਤਿਆਰ ਕਰਕੇ "ਦਫ਼ਤਰਾਂ" ਅਤੇ "ਪ੍ਰਯੋਗਸ਼ਾਲਾਂ" ਵਿਚ ਨੂਤਨੀਕਰਨ ("ਵਿਸਤਾਰ ਬਲਾਕ–I")
- "ਮਿਲਕ ਪਲਾਂਟ" ਅਤੇ ਨਾਲ਼ ਲਗਦੀ "ਸਿਧਵਾਂ ਨਹਿਰ" ਤੋਂ ਸਰਹਦੀ ਦੀਵਾਰ ਦੀ ਉਸਾਰੀ
- "ਪਸ਼ੂ-ਧਨ ਉਤਪਾਦਨ ਅਤੇ ਪ੍ਰਬੰਧ ਵਿਭਾਗ" ਵਿਚ ਮੁਰਗੀਆਂ ਦੇ "ਸ਼ੈੱਡ ਨੰ: 2" ਦੀ ਮੁਰੰਮਤ ਅਤੇ ਨੂਤਨੀਕਰਨ
- "ਹੋਸਟਲ ਨੰ: 8" ਦੀ ਮੁਰੰਮਤ / ਨੂਤਨੀਕਰਨ
- "ਵੈਟਨਰੀ ਕਾਲਜ" ਵਿਚ ਖਾਣ-ਪੀਣ ਲਈ "ਕੰਟੀਨ" ਦੀ ਉਸਾਰੀ
- ਕੁੜੀਆਂ ਦੇ "ਹੋਸਟਲ ਨੰ: 5" ਦੀ ਮੁਰੰਮਤ/ ਨੂਤਨੀਕਰਨ
- "ਪਸ਼ੂ-ਧਨ ਉਤਪਾਦਨ ਅਤੇ ਪ੍ਰਬੰਧ ਵਿਭਾਗ" ਵਿਚ "ਮੁਰਗੀਆਂ ਦੇ ਸ਼ੈੱਡ" ਦੀ ਉਸਾਰੀ
- "ਪ੍ਰਸ਼ਾਸਨਿਕ ਬਲਾਕ" ਦੇ "ਵਿਸਤਾਰ ਬਲਾਕ ਨੰ: 2" ਦੀ ਮੁਰੰਮਤ/ ਦੇਖ-ਭਾਲ
- "ਪਸ਼ੂ-ਧਨ ਉਤਪਾਦਨ ਅਤੇ ਪ੍ਰਬੰਧ ਵਿਭਾਗ" ਵਿਚ "ਸਿੱਖਿਆ ਦੇਣ ਲਈ ਰੱਖੇ ਪਸ਼ੂਆਂ ਦੀ ਡਾਰ ("ਇੰਸਟ੍ਰਕੱਸ਼ਨਲ ਹਰਡੈ") ਦੇ ਸ਼ੈੱਡ" ਦੀ ਮੁਰੰਮਤ/ ਨੂਤਨੀਕਰਨ

ਜਲਦ ਹੀ ਸਿਰੇ ਚੜ੍ਹਨ ਵਾਲ਼ੇ ਉਸਾਰੀ / ਮੁਰੰਮਤ/ ਨੂਤਨੀਕਰਨ ਵਾਲ਼ੇ ਕੰਮ

- ਵੱਖੋ-ਵੱਖਰੇ ਵਿਭਾਗਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਪ੍ਰਯੋਗਸ਼ਾਲਾਵਾਂ ਦੀਆਂ ਛੱਤਾਂ ਦੀ ਮੁਰੰਮਤ/ ਨੂਤਨੀਕਰਨ ਅਤੇ "ਟਾਈਲਾਂ ਵਿਛਾਉਣ" ਦਾ ਕੰਮ
- "ਸਿਲਵਰ ਜੁਬਲੀ ਬਲਾਕ" ਵਿਚ "ਲੈਕਚਰ ਹਾਲ" ਦੀ ਉਸਾਰੀ
- ਮੁੰਡਿਆਂ ਦੇ "ਹੋਸਟਲ ਨੰ 8" ਦੀ ਉਸਾਰੀ
- "ਸਿਲਵਰ ਜੁਬਲੀ ਬਲਾਕ" ਵਿਚ ਖਾਣ-ਪੀਣ ਲਈ "ਕੰਟੀਨ" ਦੀ ਉਸਾਰੀ
- ਕੁੜੀਆਂ ਦੇ "ਹੋਸਟਲ ਨੰ: 5" ਵਿਚ "ਲੰਗਰ ਹਾਲ" (ਮੈੱਸ, Mess) ਦੀ ਉਸਾਰੀ